Hansti Duniya (Punjabi)
Vol. 43 No. 3
March 2019

# ਹਸਤੀ ਦੁਨੀਆ

₹15/-



# ਹੰਸਤੀ ਦੁਨੀਆ

• Vol. 43 • ਅੰਕ : 03 • ਮਾਰਚ 2019 • Pages : 52

(ਬੱਚਿਆਂ ਦੇ ਬੌਧਿਕ ਵਿਕਾਸ ਦੀ ਅਨੋਖੀ ਪਤ੍ਰਿਕਾ)

Also published in Hindi, English & Marathi

Printer & Publisher C.L. Gulati, on behalf of Sant Nirankai Mandal, Delhi-9, printed at M.P. Printers, B-220, Phase-II, NOIDA - 201305 (UP) & published at Sant Nirankari Satsang Bhawan, Sant Nirankari Colony, Delhi-110009



*Editor (Honorary)*

Sulekh Singh 'Sathi'

**Email:** editorial@nirankari.org

**Ph.:** 011-47660200

**Fax:** 011-27608215

**Website:** http//www.nirankari.org
kids.nirankari.org


## Subscription Value

| Country | 1 Year | 3 Years | 5 Years | 11 Years |
|---|---|---|---|---|
| India/Nepal | ₹ 150 | ₹ 400 | ₹ 700 | ₹ 1500 |
| U.K. | £15 | £40 | £70 | £150 |
| Europe | €20 | €55 | €95 | €200 |
| USA | $25 | $70 | $120 | $250 |
| Canada/ Australia | $30 | $85 | $140 | $300 |

Other Countries
Equivalent to U.S. Dollars as mentioned above.

ਸਭ ਤੋਂ ਪਹਿਲਾਂ




## ਤਿਉਹਾਰ ਹੈ ਪ੍ਰੀਖਿਆ







## ਸਤੰਭ


ਸਭ ਤੋਂ ਪਹਿਲਾਂ 04
ਵਿਗਿਆਨ ਪ੍ਰਸ਼ਨੋਤਰੀ 10
ਹਾਸਾ-ਖੇਡਾ 16
ਸਾਧਾਰਣ ਗਿਆਨ ਪ੍ਰਸ਼ਨੋਤਰੀ 19
ਕੀ ਤੁਸੀਂ ਜਾਣਦੇ ਹੋ? 27
ਰੰਗ ਭਰੋ ਪ੍ਰਤੀਯੋਗਿਤਾ 38
ਕਦੇ ਨਾ ਭੁੱਲੋ 42
ਬੁੱਧੀ ਦੀ ਪਰਖ 50




## ਚਿੱਤਰਕਥਾਵਾਂ


ਕਿੱਟੀ 20
ਦਾਦਾ ਜੀ 46
















## ਕਹਾਣੀਆਂ

ਹੁਣ ਉਹ ਇੰਞ ਨਹੀਂ ਕਰੇਗਾ
– ਡਾ.ਦੇਸ਼ ਬੰਧੂ 06
ਬਾਂਦਰ ਦੀ ਚਤੁਰਾਈ
– ਸ਼ਿਆਮ ਸੁੰਦਰ 11
ਭਲਾ-ਬੁਰਾ
– ਨੀਲਮ ਗੁਪਤਾ 15
ਚੰਪਾ ਦਾ ਬਲੀਦਾਨ
– ਰਾਧੇਲਾਲ ਨਵਚੱਕਰ 24
ਉਸ ਵਰਗਾ ਕੋਈ ਨਹੀਂ
– ਅਤੀਆ ਪਰਵੀਨ 28
ਉਹ ਮੂਰਖ ਰਹਿ ਗਿਆ
– ਸ਼ਿਵਨਾਰਾਇਣ ਸਿੰਘ 32
ਭਾਵਨਾ ਤੋਂ ਫਰਜ਼ ਉੱਚਾਂ
– ਜਗਦੀਸ਼ ਕੌਸ਼ਿਕ 35
ਕੀਤੇ ਦੀ ਸਜ਼ਾ
– ਵਿਪਿਨ ਕੁਮਾਰ 40
ਸਬਕ
– ਮਨੀਪਾਲ ਸਿੰਘ 43
ਸ਼ੁਕਰਾਨਾ ਅਦਾ ਕਰੋ
– ਡਾ.ਸੇਵਾ ਨੰਦਵਾਲ 44







## ਵਿਸ਼ੇਸ਼ ਲੇਖ

– ਮੈਨਾ
– ਕਿਰਨ ਬਾਲਾ 09
ਹਿਮਾਲਿਆ ਦਾ ਸ਼ਰਮੀਲਾ ਪਸ਼ੂ
– ਡਾ.ਪਰਸ਼ੂਰਾਮ ਸ਼ੁਕਲ 12
ਉਂਗਲੀਮਾਲ...
– ਮਨੋਹਰ ਲਾਲ 18
ਰੰਗਾਂ ਦਾ ਰੋਚਕ ਇਤਿਹਾਸ
– ਗੁਰਦੇਵ ਸਿੰਘ 25
ਸਾਡੇ ਰਾਸ਼ਟਰੀ ਪ੍ਰਤੀਕ
– ਵਿਦਿਆ ਪ੍ਰਕਾਸ਼ 30
ਇਕ ਜੰਗਲੀ ਜੀਵ ਭਾਲੂ
– ਅਮਰਜੀਤ 31
ਮੱਛੀ ਨਹੀਂ ਹੈ ਹਵੇਲ
– ਵਿਭਾ ਵਰਮਾ 39

## ਗੀਤ-ਕਵਿਤਾਵਾਂ

ਰੰਗਾਂ ਦਾ ਤਿਉਹਾਰ ਹੈ ਹੋਲੀ
– ਜਗਤਾਰ ਚਮਨ 5
ਖੁਸ਼ੀਆਂ ਦਾ ਤਿਉਹਾਰ ਹੈ ਹੋਲੀ
– ਬਲਵਿੰਦਰ ਬਾਲਮ 14
ਬਾਲ ਨਿਆਣੇ
– ਪ੍ਰਿਤਪਾਲ ਸਾਦਿਕ 26
ਮੇਰੇ ਆਪਣੇ ਹੀ ਵੈਰੀ
– ਅਸ਼ੋਕ 34
ਰੁੱਖਾਂ ਵਾਲਾ ਵਿਹੜਾ
– ਤਿਲਕ ਰਾਜ ਰਾਜੂ 36

## ਸਭ ਤੋਂ ਪਹਿਲਾਂ

# ਤਿਉਹਾਰ ਹੈ ਪ੍ਰੀਖਿਆ




ਸੋਨੂੰ ਤੇ ਮੋਨੂੰ ਆਪਸ ਵਿਚ ਹੱਸ-ਹੱਸ ਕੇ ਗੱਲਾਂ ਕਰ ਰਹੇ ਹਨ। ਉਨ੍ਹਾਂ ਦੇ ਚਿਹਰੇ ਤੋਂ ਵੀ ਖੁਸ਼ੀ ਝਲਕ ਰਹੀ ਸੀ ਅਤੇ ਉਨ੍ਹਾਂ ਦੇ ਹਾਵ-ਭਾਵ ਵੀ ਉਨ੍ਹਾਂ ਦੇ ਅੰਦਰ ਦੀ ਖੁਸ਼ੀ ਨੂੰ ਹੀ ਦਰਸਾ ਰਹੇ ਹਨ। ਕੁਝ ਦੂਰੀ ਤੇ ਖੜਾ ਰੋਨੂੰ ਉਨ੍ਹਾਂ ਨੂੰ ਬੜੀ ਹੈਰਾਨੀ ਨਾਲ ਵੇਖ ਰਿਹਾ ਸੀ। ਉਸਦੇ ਮਨ ਵਿਚ ਤਾਂ ਉਦਾਸੀ ਛਾਈ ਹੋਈ ਸੀ ਅਤੇ ਦਿਮਾਗ ਵਿਚ ਟੈਂਸ਼ਨ। ਸੋਨੂੰ ਤੇ ਮੋਨੂੰ ਨੂੰ ਇਵੇਂ ਚਹਿਕਦੇ ਹੋਇਆਂ ਵੇਖ-ਵੇਖ ਕੇ ਉਹ ਮਨ ਹੀ ਮਨ ਪ੍ਰੇਸ਼ਾਨ ਵੀ ਹੋ ਰਿਹਾ ਸੀ ਅਤੇ ਹੈਰਾਨ ਵੀ। ਜਦ ਉਸ ਤੋਂ ਰਿਹਾ ਨਾ ਗਿਆ ਤਾਂ ਉਹ ਹੌਲੀ-ਹੌਲੀ ਕਦਮ ਪੁਟਦਾ ਹੋਇਆ ਉਨ੍ਹਾਂ ਦੇ ਕੋਲ ਪਹੁੰਚ ਗਿਆ। ਉਸ ਨੂੰ ਕੋਲ ਆਇਆ ਵੇਖ ਸੋਨੂੰ ਨੇ ਪੁਛਿਆ- ਰੋਨੂੰ ਕੀ ਹਾਲ ਹੈ, ਤੂੰ ਕੁਝ ਉਦਾਸ ਜਿਹਾ ਲਗ ਰਿਹਾ ਹੈਂ? ਰੋਨੂੰ ਇਕਦਮ ਬੋਲਿਆ – ਹਾਂ, ਉਦਾਸ ਤਾਂ ਹੋਣਾ ਹੀ ਹੈ, ਪੇਪਰਾਂ ਦੀ ਟੈਂਸ਼ਨ ਜੋ ਹੈ। ਕਲ ਤੋਂ ਇਮਤਿਹਾਨ ਸ਼ੁਰੂ ਹੋ ਰਹੇ ਹਨ, ਪਰ ਤੁਹਾਡੇ ਚਿਹਰੇ ਤੋਂ ਤਾਂ ਅਜਿਹਾ ਕੁਝ ਲਗ ਹੀ ਨਹੀਂ ਰਿਹਾ! ਰੋਨੂੰ ਦੀ ਇਹ ਗੱਲ ਸੁਣ ਕੇ ਮੋਨੂੰ ਨੇ ਉਸਨੂੰ ਸੁਆਲ ਕੀਤਾ – ਕੀ ਹੱਸ-ਹੱਸ ਕੇ ਗੱਲਾਂ ਕਰਨਾ ਮਨ੍ਹਾ ਹੈ? ''ਨਹੀਂ-ਨਹੀਂ, ਪਰ ਅੱਜ ਕੱਲ ਪੇਪਰਾਂ ਦੇ ਦਿਨ ਹਨ, ਪੜਾਈ ਦੀ ਟੈਂਸ਼ਨ ਦਿਮਾਗ ਵਿਚ ਹੁੰਦੀ ਹੈ। ਪਤਾ ਨਹੀਂ ਕਿਵੇਂ ਦੇ ਹੋਣਗੇ ਪੇਪਰ, ਰਹਿ-ਰਹਿ ਕੇ ਇਹ ਖਿਆਲ ਆਉਂਦਾ ਹੈ ਮਨ ਵਿਚ। ਅਜਿਹੇ ਸਮੇਂ ਕਿਵੇਂ ਕੋਈ ਹਾਸਾ-ਖੇਡਾ ਕਰ ਸਕਦਾ ਹੈ?'' ਰੋਨੂੰ ਨੇ ਗੰਭੀਰਤਾ ਨਾਲ ਜਵਾਬ ਦਿੱਤਾ।

''ਵਾਹ-ਵਾਹ, ਇਹ ਵੀ ਕੋਈ ਟੈਂਸ਼ਨ ਦੀ ਗੱਲ ਹੈ ਰੋਨੂੰ? ਤੂੰ ਦਸ ਕੋਈ ਤਿਉਹਾਰ ਆਉਂਦਾ ਹੈ ਤਾਂ ਤੂੰ ਟੈਂਸ਼ਨ ਵਿਚ ਹੁੰਦਾ ਹੈ ਜਾਂ ਖੁਸ਼ੀ ਮਨਾਉਂਦਾ ਹੈਂ?'' ਸੋਨੂੰ ਨੇ ਇਕਦਮ ਰੋਨੂੰ ਨੂੰ ਸੁਆਲ ਕਰ ਦਿੱਤਾ। ਰੋਨੂੰ ਬੋਲਿਆ – ਕਮਾਲ ਹੈ ਸੋਨੂੰ, ਇਹ ਵੀ ਕੋਈ ਪੁਛਣ ਦੀ ਗੱਲ ਹੈ ! ਤਿਉਹਾਰ ਤੇ ਤਾਂ ਖੁਸ਼ੀਆਂ ਹੀ ਮਨਾਈਆਂ ਜਾਂਦੀਆਂ ਹਨ; ਹੱਸਿਆ-ਖੇਡਿਆ ਜਾਂਦਾ ਹੈ।

''ਬਸ ਇਹੀ ਤਾਂ ਮੈਂ ਤੈਨੂੰ ਕਹਿਣਾ ਚਾਹੁੰਦਾ ਹਾਂ।'' ਸੋਨੂੰ ਨੇ ਕਿਹਾ – ਪ੍ਰੀਖਿਆਵਾਂ ਨੂੰ ਵੀ ਜੇਕਰ ਅਸੀਂ ਤਿਉਹਾਰ ਮੰਨ ਲਈਏ ਤਾਂ ਚਾਵਾਂ-ਚਾਵਾਂ ਨਾਲ ਅਸੀਂ ਇਸਦੀ ਤਿਆਰੀ ਕਰਾਂਗੇ। ਦਿਮਾਗ ਵਿਚ ਇਸ ਬਾਰੇ ਕੋਈ ਟੈਂਸ਼ਨ ਨਹੀਂ ਰੱਖਾਂਗੇ। ਉਂਝ ਵੀ ਸੋਚੋ, ਸਾਰਾ ਸਾਲ ਅਸੀਂ ਮਿਹਨਤ ਕਰਦੇ ਹਾਂ, ਪੜਦੇ ਹਾਂ ਤਾਂ ਫਿਰ ਉਸਦਾ ਫਲ ਹਾਸਿਲ ਕਰਨ ਲਈ ਟੈਂਸ਼ਨ ਵਿਚ ਕਿਉਂ ਰਹੀਏ, ਖੁਸ਼ੀ-ਖੁਸ਼ੀ ਕਿਉਂ ਨਾ ਪ੍ਰੀਖਿਆ ਦਈਏ। ਵੈਸੇ ਟੈਂਸ਼ਨ ਨਾਲ ਤਾਂ ਕੋਈ ਕੰਮ ਬਣਨ ਵਾਲਾ ਨਹੀਂ, ਪੜਨ ਨਾਲ ਹੀ ਬਣਨਾ ਹੈ ਤਾਂ ਫਿਰ ਕਿਉਂ ਨਾ ਖੁਸ਼ੀ-ਖੁਸ਼ੀ ਬਿਨਾਂ ਟੈਂਸ਼ਨ ਪੇਪਰਾਂ ਦੀ ਤਿਆਰੀ ਕਰੀਏ?''

ਰੋਨੂੰ ਨੂੰ ਹੁਣ ਇਹ ਗੱਲ ਸਮਝ ਆ ਗਈ ਸੀ। ਉਸਦੇ ਚਿਹਰੇ ਤੇ ਵੀ ਖੁਸ਼ੀ ਸਾਫ਼ ਝਲਕਣ ਲੱਗੀ। ਉਹ ਬੋਲਿਆ – ਧੰਨਵਾਦ, ਸੋਨੂੰ ਤੇ ਮੋਨੂੰ, ਤੁਸੀਂ ਤਾਂ ਮੇਰੀ ਸਾਰੀ ਟੈਂਸ਼ਨ ਦੂਰ ਕਰ ਦਿੱਤੀ ਹੈ। ਹੁਣ ਮੈਂ ਵੀ ਖੁੱਲ੍ਹੇ ਦਿਮਾਗ ਨਾਲ ਅਪਣੀ ਪ੍ਰੀਖਿਆ ਦੇਵਾਂਗਾ।

ਪਿਆਰੇ ਬੱਚਿਓ ! ਤੁਸੀਂ ਵੀ ਬਿਨਾਂ ਕਿਸੇ ਟੈਂਸ਼ਨ ਫ੍ਰੀ ਮਾਇੰਡ ਹੋ ਕੇ ਪੜੋ ਤਾਂਕਿ ਜੋ ਪੜੋ ਉਹ ਯਾਦ ਹੋ ਜਾਵੇ ਤੇ ਪ੍ਰੀਖਿਆ ਵਿਚ ਸਾਰੇ ਉੱਤਰ ਠੀਕ ਲਿਖ ਕੇ ਚੰਗੇ ਨੰਬਰ ਲੈ ਕੇ ਪਾਸ ਹੋਵੋ।

ਸੁਲੇਖ 'ਸਾਥੀ'
ssathi_2007@yahoo.com

ਕਵਿਤਾ - ਜਗਤਾਰ ਚਮਨ

# ਰੰਗਾਂ ਦਾ ਤਿਉਹਾਰ ਹੈ ਹੋਲੀ



ਪ੍ਰੀਤ-ਪਿਆਰ ਦੇ ਰੰਗਾਂ ਦਾ
ਤਿਉਹਾਰ ਹੈ ਹੋਲੀ।
ਮਾਣ ਰਹੀ ਹੈ ਹੋਲੀ ਨੂੰ
ਬੱਚਿਆਂ ਦੀ ਟੋਲੀ।

ਲਾਇਆ ਅਮਨ ਤੇ ਚੈਨ ਨੂੰ
ਯਸਰਾਜ ਨੇ ਰੰਗ।
ਲਵਜੋਤ ਵੀ ਰਲ ਗਿਆ,
ਟੋਲੀ ਦੇ ਸੰਗ।

ਸ਼ੰਭੂ ਦੇ ਨਾਲ ਵੰਸ਼ ਨੇ,
ਕੀਤੀ ਖੂਬ ਤਿਆਰੀ।
ਵਿਦਿਤ ਲਿਆਇਆ ਰੰਗਾਂ
ਦੀ ਭਰ ਕੇ ਪਿਚਕਾਰੀ।

ਸੋਹਣੇ-ਸੋਹਣੇ ਰੰਗਾਂ ਨਾਲ,
ਰੰਗ ਗਈ ਏ ਧਰਤੀ।
ਮਹਿਕ ਰਹੀ ਏ ਬੱਚਿਆਂ ਦੀ,
ਇਕ ਦੁਨੀਆ ਹੱਸਦੀ।

ਹਰ ਪਾਸੇ ਹੀ ਰੌਣਕਾਂ
ਨਾਲ ਭਰੇ ਹੋਵੇ ਬਾਜ਼ਾਰ।
ਰੰਗਾਂ ਦਾ ਇਹ 'ਚਮਨ',
ਅਨੋਖਾ ਹੈ ਤਿਉਹਾਰ।



ਕਹਾਣੀ : ਡਾ: ਦੇਸ਼ਬੰਧੂ

# ਹੁਣ ਉਹ ਇੰਝ ਨਹੀਂ ਕਰੇਗਾ

ਰਾਤ ਦੇ ਲਗਭਗ ਤਿੰਨ ਵਜੇ ਦਾ ਸਮਾਂ ਸੀ। ਸਾਰੇ ਲੋਕ ਗਹਿਰੀ ਨੀਂਦ ਵਿੱਚ ਸੌਂ ਰਹੇ ਸਨ। ਅਚਾਨਕ ਅਮਿਤ ਚੀਕ ਉਠਿਆ – ਮਾਂ....ਮਾਂ....ਬਚਾਉ.... ਮੇਰੇ ਪੇਟ ਵਿੱਚ ਬਹੁਤ ਤੇਜ਼ ਦਰਦ ਹੋ ਰਿਹਾ ਹੈ...ਹਾਏ......ਮਾਂ.....!

ਉਸ ਦੀ ਚਿਲਾਹਟ ਨਾਲ ਘਰ ਦੇ ਸਾਰੇ ਲੋਕ ਜਾਗ ਗਏ। ਅਮਿਤ ਦਰਦ ਨਾਲ ਬੁਰੀ ਤਰ੍ਹਾਂ ਤੜਫ ਰਿਹਾ ਸੀ। ਤਦੇ ਉਸਦੀ ਦਾਦੀ ਨੇ ਕਮਰੇ ਤੋਂ ਬਾਹਰ ਨਿਕਲਦੇ ਹੋਏ ਕਿਹਾ– 'ਬਹੂ, ਜਰਾ ਹਿੰਗ ਗਰਮ ਕਰਕੇ ਇਸਦੇ ਪੇਟ ਤੇ ਮਲ ਦਿਉ। ਹੁਣੇ ਦਰਦ ਠੀਕ ਹੋ ਜਾਏਗਾ।''

ਦਾਦੀ ਦੀ ਗੱਲ ਸੁਣ ਕੇ ਮਾਂ ਜਲਦੀ ਨਾਲ ਰਸੋਈ ਵਿੱਚ ਗਈ ਅਤੇ ਥੋੜੀ ਜਿਹੀ ਹਿੰਗ ਗਰਮ ਕਰਕੇ ਲੈ ਆਈ। ਫਿਰ ਦਰਦ ਨਾਲ ਤੜਫ ਰਹੇ ਅਮਿਤ ਦੇ ਪੇਟ ਤੇ ਗਰਮ-ਗਰਮ ਹਿੰਗ ਮਲਣ ਲੱਗੀ ਲੇਕਿਨ ਇਸ ਘਰੇਲੂ ਇਲਾਜ ਦੇ ਬਾਦ ਵੀ ਅਮਿਤ ਦਾ ਦਰਦ ਘੱਟ ਨਹੀਂ ਹੋਇਆ। ਸਾਰੇ ਲੋਕ ਇਹ ਨਹੀਂ ਸਮਝ ਪਾ ਰਹੇ ਸਨ ਕਿ ਅਚਾਨਕ ਇਹਨੂੰ ਕੀ ਹੋ ਗਿਆ ਹੈ। ਮਾਂ ਨੇ ਸਿਕਾਈ ਵਾਲੀ ਬੋਤਲ ਭਰ ਕੇ ਉਸਦੇ ਪੇਟ ਦੀ ਸਿਕਾਈ ਕੀਤੀ ਲੇਕਿਨ ਉਸ ਨਾਲ ਵੀ ਕੋਈ ਖਾਸ ਫਰਕ ਨਹੀਂ ਪਿਆ।

ਜਦ ਸਾਰੇ ਉਪਾਅ ਬੇਕਾਰ ਹੋ ਗਏ ਤਾਂ ਪਾਪਾ ਉਹਨੂੰ ਇਕ ਨਰਸਿੰਗ ਹੋਮ ਲੈ ਗਏ। ਨਰਸਿੰਗ ਹੋਮ ਵਿੱਚ ਡਾਕਟਰ ਨੇ ਉਹਨੂੰ ਲਿਟਾ ਕੇ ਉਸਦਾ ਪੇਟ ਵੇਖਿਆ। ਫਿਰ ਪਾਪਾ ਨੂੰ ਡਾਕਟਰ ਨੇ ਕਿਹਾ – ਇਸਦੇ ਪੇਟ ਵਿੱਚ ਸ਼ਾਇਦ ਕੀੜੇ ਹਨ।

ਕੀੜਿਆਂ ਦਾ ਨਾਮ ਸੁਣਦੇ ਹੀ ਅਮਿਤ ਦੀ ਮਾਂ ਡਰ ਗਈ। ਲੇਕਿਨ ਡਾਕਟਰ ਨੇ ਉਹਨਾਂ ਨੂੰ ਭਰੋਸਾ ਦਿੰਦੇ ਹੋਏ ਕਿਹਾ ਕਿ ਡਰਨ ਕੀ ਕੋਈ ਲੋੜ ਨਹੀਂ ਹੈ। ਮੈਂ ਦਵਾਈ ਦੇ ਰਿਹਾ ਹਾਂ। ਕੱਲ ਤਕ ਕੀੜੇ ਨਿਕਲ ਜਾਣੇ ਚਾਹੀਦੇ ਹਨ। ਉਹਨਾਂ ਨੇ ਦਰਦ ਬੰਦ ਕਰਨ ਦੇ ਲਈ ਇੰਜੈਕਸ਼ਨ ਲਗਾਇਆ ਅਤੇ ਕੁਝ ਦਵਾਈਆਂ ਦਿੱਤੀਆਂ। ਦਵਾਈ ਦੇ ਅਸਰ ਨਾਲ ਕੁਝ ਦੇਰ ਬਾਅਦ ਅਮਿਤ ਦਾ ਦਰਦ ਬੰਦ ਹੋ ਗਿਆ।

ਦੂਸਰੇ ਦਿਨ ਸਵੇਰੇ ਜਦ ਅਮਿਤ ਪੈਖਾਨੇ ਤੋਂ

ਵਾਪਸ ਆਇਆ ਤਾਂ ਉਸ ਨੇ ਮਾਂ ਨੂੰ ਦੱਸਿਆ ਕਿ ਉਸਦੇ ਪੇਟ ਵਿਚੋਂ ਸਫੈਦ ਰੰਗ ਦੇ ਕੀੜਿਆਂ ਦਾ ਇਕ ਗੁੱਛਾ ਨਿਕਲਿਆ ਹੈ। ਸ਼ਾਮ ਨੂੰ ਜਦ ਉਹ ਪਾਪਾ ਦੇ ਨਾਲ ਡਾਕਟਰ ਸਾਹਿਬ ਦੇ ਕੋਲ ਗਿਆ ਅਤੇ ਕੀੜੇ ਨਿਕਲਣ ਵਾਲੀ ਗੱਲ ਦੱਸੀ ਤਾਂ ਡਾਕਟਰ ਨੇ ਪੁੱਛਿਆ- ਤੂੰ ਕਿਹੜੀ ਖੇਡ ਖੇਡਦਾ ਹੈ?

''ਕ੍ਰਿਕੇਟ।''ਉਸ ਨੇ ਤੜਾਕ ਨਾਲ ਕਿਹਾ।

''ਕੀ ਖੇਡਦੇ ਸਮੇਂ ਤੂੰ ਪੈਰਾਂ ਵਿੱਚ ਜੁੱਤੇ ਜਾਂ ਚੱਪਲ ਪਾਈ ਰੱਖਦਾ ਹੈ?'' ਉਹਨਾਂ ਨੇ ਫਿਰ ਪੁੱਛਿਆ।

''ਜੀ ਨਹੀਂ, ਚੱਪਲ ਜਾਂ ਜੁੱਤੇ ਪਾ ਕੇ ਮੇਰੇ ਤੋਂ ਤੇਜ਼ੀ ਨਾਲ ਦੌੜਿਆ ਨਹੀਂ ਜਾ ਸਕਦਾ।'' ਉਸਨੇ ਕਿਹਾ।

''ਇਸੇ ਕਾਰਣ ਤੇਰੇ ਪੇਟ ਵਿੱਚ ਕੀੜੇ ਹਨ। ਹੁਣ ਅਗੇ ਤੋਂ ਜੁੱਤੇ ਜਾਂ ਚੱਪਲ ਪਾ ਕੇ ਹੀ ਖੇਡਣਾ।'' ਡਾਕਟਰ ਸਾਹਿਬ ਨੇ ਉਸ ਵੱਲ ਵੇਖ ਕੇ ਮੁਸਕਰਾਉਂਦੇ ਹੋਏ ਕਿਹਾ।

ਉਹਨਾਂ ਦੀ ਗੱਲ ਸੁਣ ਕੇ ਅਮਿਤ ਨੂੰ ਬਹੁਤ ਹੈਰਾਨੀ ਹੋਈ। ''ਭਲਾ ਖੇਡ ਅਤੇ ਕੀੜਿਆਂ ਦਾ ਕੀ ਸੰਬੰਧ''? ਉਸ ਨੇ ਮਨ ਹੀ ਮਨ ਸੋਚਿਆ।

ਡਾਕਟਰ ਸਾਹਿਬ ਨੇ ਅਮਿਤ ਨੂੰ ਸੋਚਾਂ ਵਿੱਚ ਪਏ ਵੇਖਿਆ ਤਾਂ ਹੌਲੀ ਜਿਹੇ ਹੱਸਦੇ ਹੋਏ ਬੋਲੇ- ''ਕੀ ਸੋਚ ਰਿਹਾ ਹੈ?''

''ਜੀ... ਇਹੀ ਕਿ ਕ੍ਰਿਕੇਟ ਦਾ ਕੀੜਿਆਂ ਨਾਲ ਕੀ ਸੰਬੰਧ?'' ਉਸਨੇ ਕਿਹਾ।

ਉਸਦੀ ਜਿਗਿਆਸਾ ਵੇਖ ਕੇ ਡਾਕਟਰ ਸਾਹਿਬ ਨੇ ਉਹਨੂੰ ਦੱਸਿਆ - ''ਇਹਨਾਂ ਕੀੜਿਆਂ ਦਾ ਮਿੱਟੀ ਨਾਲ ਸਿੱਧਾ ਸੰਬੰਧ ਹੈ। ਇਹਨਾਂ ਕੀੜਿਆਂ ਦਾ ਨਾਮ ਹੈ 'ਏਸਕੇਰਿਸ'। ਇਹਨਾਂ ਦੇ ਆਂਡੇ ਗੰਦੀ ਮਿੱਟੀ ਅਤੇ ਖੇਤਾਂ ਆਦਿ ਵਿੱਚ ਬਿਖਰੇ ਰਹਿੰਦੇ ਹਨ। ਇਹ ਆਂਡੇ ਐਨੇ ਛੋਟੇ ਹੁੰਦੇ ਹਨ ਕਿ ਅਸੀਂ ਇਹਨਾਂ ਨੂੰ ਅੱਖਾਂ ਨਾਲ ਨਹੀਂ ਵੇਖ ਸਕਦੇ।

ਜਦ ਤੁਸੀਂ ਬਿਨਾ ਚੱਪਲ ਜਾਂ ਜੁੱਤੇ ਪਾਏ ਮਿੱਟੀ ਵਿੱਚ ਖੇਡਦੇ ਹੋ, ਤਾਂ ਆਂਡੇ ਤੁਹਾਡੇ ਪੈਰ ਦੀ ਤਲੀ ਤੋਂ ਹੋ ਕੇ ਖ਼ੂਨ ਵਿੱਚ ਮਿਲ ਕੇ ਪੇਟ ਵਿੱਚ ਪਹੁੰਚ ਜਾਂਦੇ ਹਨ ਅਤੇ ਆਂਤੜੀਆਂ ਨਾਲ ਚਿਪਕ ਕੇ ਖ਼ੂਨ ਚੂਸਦੇ ਰਹਿੰਦੇ ਹਨ। ਇਸ ਤਰ੍ਹਾਂ ਭੋਜਨ ਕਰਨ ਤੋਂ ਪਹਿਲਾਂ ਅਗਰ ਹੱਥਾਂ ਨੂੰ ਠੀਕ ਤਰ੍ਹਾਂ ਧੋਤਾ ਨਾ ਜਾਏ ਤਾਂ ਖੇਡਦੇ ਸਮੇਂ ਮਿੱਟੀ ਨਾਲ ਇਹਨਾਂ ਦੇ ਆਂਡੇ ਨਹੁੰਆਂ ਅਤੇ ਹਥੇਲੀ ਨਾਲ ਚਿਪਕ ਜਾਂਦੇ ਹਨ। ਜੋ ਖਾਣੇ ਦੇ ਨਾਲ ਪੇਟ ਵਿੱਚ ਪਹੁੰਚ ਕੇ ਵੱਡੇ ਹੋ ਕੇ ਕੀੜਿਆਂ ਦਾ ਰੂਪ ਧਾਰਣ ਕਰ ਲੈਂਦੇ ਹਨ। ਕੱਚੀਆਂ ਸਬਜ਼ੀਆਂ ਜਾਂ ਫਲ ਆਦਿ ਵੀ ਅਗਰ ਬਿਨਾ ਧੋਏ ਹੀ ਖਾ ਲਏ ਜਾਂਦੇ ਹਨ ਤਾਂ ਉਹਨਾਂ ਵਿੱਚ ਲੱਗੀ ਧੂੜ-ਮਿੱਟੀ ਨਾਲ ਵੀ ਪੇਟ ਵਿੱਚ ਕੀੜਿਆਂ ਦੇ ਆਂਡੇ ਪਹੁੰਚਦੇ ਹਨ। ਖੁੱਲ੍ਹੀ ਹੋਈ ਚਾਟ-ਪਕੌੜੀ ਜਾਂ ਬਾਕੀ ਅਜਿਹੀਆਂ ਪ੍ਰਦੂਸ਼ਿਤ ਵਸਤੂਆਂ ਵੀ ਕੀੜਿਆਂ ਦੇ ਆਂਡਿਆਂ ਨੂੰ ਪੇਟ ਵਿੱਚ ਪਹੁੰਚਾਉਂਦੀਆਂ ਹਨ। ਕਦੇ-ਕਦੇ ਤਾਂ ਵਿਅਕਤੀ ਦੇ ਪੇਟ ਵਿੱਚ ਇਹਨਾਂ ਦੀ ਗਿਣਤੀ ਪੰਜ ਸੌ ਤੋਂ ਪੰਜਾਹ ਹਜ਼ਾਰ ਤਕ ਹੋ ਜਾਂਦੀ ਹੈ। ਇਸ ਕਾਰਣ ਰੋਗੀ ਦੇ ਪੇਟ ਵਿੱਚ ਤੇਜ਼ ਦਰਦ ਹੋਣ ਲੱਗਦਾ ਹੈ। ਇਸ ਦੇ ਨਾਲ-ਨਾਲ ਭੁੱਖ ਵੀ ਖਤਮ ਹੋ ਜਾਂਦੀ ਹੈ ਅਤੇ ਦਸਤ ਉਲਟੀ ਅਤੇ ਘਬਰਾਹਟ ਆਦਿ ਵੀ ਹੋ ਸਕਦੀ ਹੈ।

ਕੁਝ ਪਲ ਰੁਕ ਕੇ ਡਾਕਟਰ ਸਾਹਿਬ ਨੇ ਫਿਰ ਕਿਹਾ - ''ਜਾਣਦੇ ਹੋ, ਸਾਡੇ ਪੇਟ ਵਿੱਚ ਜੋ ਆਂਤੜੀਆਂ ਹੁੰਦੀਆਂ ਹਨ, ਉਹ ਕਿੰਨੀਆਂ ਲੰਮੀਆਂ ਹੁੰਦੀਆਂ ਹੋਣਗੀਆਂ?''

ਅਮਿਤ ਨੇ ਕਿਹਾ - ''ਨਹੀਂ ਮੈਨੂੰ ਨਹੀਂ ਪਤਾ।''

ਉਸਦੀ ਗੱਲ ਸੁਣ ਕੇ ਡਾਕਟਰ ਸਾਹਿਬ ਨੇ ਕਿਹਾ - ''ਜਿੰਨੀ ਲੰਮੀ ਤੁਹਾਡੀ ਮਾਂ ਦੀ ਸਾੜ੍ਹੀ ਹੁੰਦੀ ਹੈ, ਓਨੀਆਂ ਹੀ ਲੰਮੀਆਂ ਸਾਡੀਆਂ ਆਂਤੜੀਆਂ ਹੁੰਦੀਆਂ ਹਨ।

ਇਹ ਸੁਣ ਕੇ ਅਮਿਤ ਦੀਆਂ ਅੱਖਾਂ ਹੈਰਾਨੀ ਨਾਲ ਅੱਡੀਆਂ ਰਹਿ ਗਈਆਂ। ਉਸਦੇ ਮੂੰਹੋਂ ਅਚਾਨਕ ਨਿਕਲ ਗਿਆ - ''ਬਾਪ ਰੇ! ਐਨੀਆਂ ਲੰਮੀਆਂ? ਮਾਂ ਦੀ ਸਾੜ੍ਹੀ ਤਾਂ ਬਹੁਤ ਲੰਮੀ ਹੁੰਦੀ ਹੈ। ਫਿਰ ਐਨੀਆਂ ਲੰਮੀਆਂ ਆਂਤੜੀਆਂ ਐਨੇ ਛੋਟੇ ਜਿਹੇ ਪੇਟ ਵਿੱਚ ਕਿਵੇਂ ਸਮਾ ਜਾਂਦੀਆਂ ਹਨ?''

ਇਹ ਸੁਣ ਕੇ ਡਾ: ਸਾਹਿਬ ਬੜੇ ਪਿਆਰ ਨਾਲ ਉਸਦੇ ਸਿਰ ਤੇ ਹੱਥ ਫੇਰਦੇ ਹੋਏ ਬੋਲੇ- ਜਿਸ ਤਰ੍ਹਾਂ ਨਾਲ ਤੁਹਾਡੀ ਮਾਂ ਦੀ ਸਾੜ੍ਹੀ ਤਹਿ ਲੱਗਣ ਦੇ ਬਾਦ ਬਹੁਤ ਘੱਟ ਜਗ੍ਹਾ ਵਿੱਚ ਆ ਜਾਂਦੀ ਹੈ, ਉਸੇ ਤਰ੍ਹਾਂ ਆਂਤੜੀਆਂ ਵੀ ਤਹਿ ਲੱਗੀਆਂ ਹੁੰਦੀਆਂ ਹਨ।



ਇਹਨਾਂ ਆਂਤੜੀਆਂ ਵਿੱਚ ਖਾਣਾ ਪਚਦਾ ਹੈ। ਜੋ ਚੀਜ਼ਾਂ ਸਾਡੇ ਸਰੀਰ ਲਈ ਜ਼ਰੂਰੀ ਹੁੰਦੀਆਂ ਹਨ ਉਹਨਾਂ ਨੂੰ ਆਂਤੜੀਆਂ ਦੀਆਂ ਦੀਵਾਰਾਂ ਵਿੱਚ ਬਣੇ ਛੇਕਾਂ ਰਾਹੀਂ ਸੋਖ ਕੇ ਖ਼ੂਨ ਵਿੱਚ ਮਿਲਾ ਦਿਤਾ ਜਾਂਦਾ ਹੈ, ਜਿਸ ਨਾਲ ਜ਼ਰੂਰੀ ਚੀਜ਼ਾਂ ਸਾਰੇ ਸਰੀਰ ਨੂੰ ਮਿਲ ਸਕਣ।

'ਲੇਕਿਨ ਅਗਰ ਇਹ ਛੇਕ ਬੰਦ ਹੋ ਜਾਣ ਤਾਂ ਕੀ ਹੋਏਗਾ?'' ਡਾਕਟਰ ਸਾਹਿਬ ਨੇ ਪੁੱਛਿਆ।

''ਜੋ ਲੋੜੀਂਦੀਆਂ ਚੀਜ਼ਾਂ ਖਾਣ ਨਾਲ ਸ਼ਕਤੀ ਸਾਨੂੰ ਪ੍ਰਾਪਤ ਹੁੰਦੀ ਹੈ ਉਹ ਸਾਡੇ ਸਰੀਰ ਨੂੰ ਨਹੀਂ ਮਿਲ ਸਕੇਗੀ।'' ਅਮਿਤ ਨੇ ਕਿਹਾ।

''ਬਿਲਕੁਲ ਠੀਕ ਕਿਹਾ ਤੂੰ! ਆਂਤੜੀਆਂ ਦੀਆਂ ਦੀਵਾਰਾਂ ਦੇ ਛੇਕ ਕਿਉਂ ਬੰਦ ਹੁੰਦੇ ਹਨ? ਜਦ ਫਾਸਟ ਫੂਡ ਵਰਗੇ ਚਾਉਮਿਨ, ਬਰਗਰ ਅਤੇ ਮੈਦੇ ਨਾਲ ਬਣੀਆਂ ਚੀਜ਼ਾਂ ਅਸੀਂ ਜ਼ਿਆਦਾ ਖਾਂਦੇ ਹਾਂ ਤਾਂ ਇਹ ਸਾਡੀਆਂ ਆਂਤੜੀਆਂ ਦੀਆਂ ਦੀਵਾਰਾਂ ਵਿੱਚ ਚਿਪਕ ਕੇ ਆਂਤੜੀਆਂ ਦੇ ਛੇਕਾਂ ਨੂੰ ਬੰਦ ਕਰ ਦਿੰਦੀਆਂ ਹਨ ਜਿਸ ਨਾਲ ਸਾਡੀ ਪਾਚਨ ਕਿਰਿਆ ਖਰਾਬ ਰਹਿਣ ਲੱਗਦੀ ਹੈ। ਲੰਮੇ ਸਮੇਂ ਤਕ ਪਾਚਨ ਕਿਰਿਆ ਦੇ ਖਰਾਬ ਰਹਿਣ ਦੇ ਕਾਰਣ ਪੇਟ ਵਿੱਚ ਗੈਸ, ਕਬਜ ਆਦਿ ਬੀਮਾਰੀਆਂ ਲਗ ਜਾਂਦੀਆਂ ਹਨ।'' ਡਾਕਟਰ ਸਾਹਿਬ ਨੇ ਕਿਹਾ।

''ਬਾਪ ਰੇ! ਚਾਉਮਿਨ ਨਾਲ ਐਨੀਆਂ ਭਿਅੰਕਰ ਬੀਮਾਰੀਆਂ ਹੋ ਸਕਦੀਆਂ ਹਨ, ਇਹ ਤਾਂ ਮੈਂ ਸੋਚਿਆ ਹੀ ਨਹੀਂ ਸੀ।'' ਅਮਿਤ ਨੇ ਅੱਖਾਂ ਫੈਲਾਉਂਦੇ ਹੋਏ ਕਿਹਾ।

ਫਿਰ ਕੁਝ ਸੋਚਦਾ ਹੋਇਆ ਬੋਲਿਆ-'' ਜਿਨ੍ਹਾਂ ਲੋਕਾਂ ਨੂੰ ਇਹ ਬੀਮਾਰੀਆਂ ਹੋ ਜਾਂਦੀਆਂ ਹਨ, ਉਹਨਾਂ ਨੂੰ ਖੂਬ ਕੌੜੀਆਂ ਦਵਾਈਆਂ ਖਾਣੀਆਂ ਪੈਂਦੀਆਂ ਹੋਣਗੀਆਂ ਅਤੇ 'ਇੰਜੈਕਸ਼ਨ' ਵੀ ਲਗਾਉਣੇ ਪੈਂਦੇ ਹੋਣਗੇ?''

''ਹਾਂ, ਸਹੀ ਕਿਹਾ ਤੂੰ।'' ਡਾਕਟਰ ਸਾਹਿਬ ਨੇ ਕਿਹਾ।

ਡਾਕਟਰ ਸਾਹਿਬ ਦੀਆਂ ਗੱਲਾਂ ਸੁਣ ਕੇ ਅਮਿਤ ਹੈਰਾਨ ਰਹਿ ਗਿਆ। ਉਸਨੇ ਮਨ ਹੀ ਮਨ ਪ੍ਰਣ ਕੀਤਾ ਕਿ ਹੁਣ ਉਹ ਫਾਸਟ ਫੂਡ ਦੀ ਜਿਦ ਮਾਂ ਨਾਲ ਨਹੀਂ ਕਰੇਗਾ। ਹਮੇਸ਼ਾਂ ਖੇਡਦੇ ਸਮੇਂ ਚੱਪਲ ਜਾਂ ਜੁੱਤੇ ਪਾਈ ਰੱਖੇਗਾ। ਖਾਣਾ ਖਾਣ ਤੋਂ ਪਹਿਲਾਂ ਹੱਥਾਂ ਦੀ ਸਫ਼ਾਈ ਚੰਗੀ ਤਰ੍ਹਾਂ ਸਾਬੁਨ ਨਾਲ ਧੋ ਕੇ ਕਰੇਗਾ। ਹੁਣ ਤਕ ਉਹ ਵੀ ਸਕੂਲ ਵਿੱਚ ਖਾਣੇ ਦੀ ਛੁੱਟੀ ਦੇ ਸਮੇਂ ਸਕੂਲ ਦੇ ਬਾਹਰ ਖੜੇ ਚਾਟ ਦੇ ਠੇਲੇ ਤੋਂ ਖੁਲ੍ਹੀ ਹੋਈ ਚਾਟ-ਪਕੌੜੀ ਖਾਂਦਾ ਸੀ। ਪਾਪਾ ਜਦ ਫਲ ਲਿਆਉਂਦੇ ਸਨ ਉਹਨਾਂ ਨੂੰ ਬਿਨਾਂ ਧੋਏ ਖਾਣ ਲੱਗਦਾ ਸੀ। ਲੇਕਿਨ ਹੁਣ ਉਹ ਅਗੇ ਤੋਂ ਇੰਝ ਕੁਝ ਵੀ ਨਹੀਂ ਕਰੇਗਾ ਅਤੇ ਆਪਣੇ ਦੋਸਤਾਂ ਨੂੰ ਵੀ ਅਜਿਹਾ ਕਰਨ ਤੋਂ ਮਨਾ ਕਰੇਗਾ।

ਇਸ ਸੰਕਲਪ ਦੇ ਨਾਲ ਉਸਨੇ ਡਾਕਟਰ ਸਾਹਿਬ ਨੂੰ ਨਮਸਤੇ ਕੀਤੀ ਅਤੇ ਪਾਪਾ ਦੇ ਨਾਲ ਘਰ ਵੱਲ ਚਲ ਪਿਆ।

☐ ਕਿਰਣ ਬਾਲਾ

# ਇਕ ਖ਼ੂਬਸੂਰਤ ਚਿੜੀ

# ਮੈਨਾ



ਮੈਨਾ ਇਕ ਖ਼ੂਬਸੂਰਤ ਅਤੇ ਮਸਤਮੌਲਾ ਚਿੜੀ ਹੈ ਜੋ ਸਾਡੇ ਘਰ-ਵਿਹੜੇ, ਬਾਗ-ਬਗੀਚਿਆਂ ਤੋਂ ਲੈ ਕੇ ਪਹਾੜਾਂ ਅਤੇ ਜੰਗਲਾਂ ਵਿੱਚ ਦਿਖਾਈ ਦੇ ਸਕਦੀ ਹੈ। ਪਹਾੜੀ ਮੈਨਾ ਛੱਤੀਸਗੜ੍ਹ ਦਾ ਰਾਜ ਪੰਛੀ ਵੀ ਹੈ।

ਪ੍ਰਜਾਤੀਆਂ ਦੇ ਆਧਾਰ ਤੇ ਇਹਨਾਂ ਦੇ ਰੰਗ-ਰੂਪ ਅਤੇ ਆਕਾਰ ਵਿੱਚ ਥੋੜੀ ਭਿੰਨਤਾ ਵੇਖੀ ਗਈ ਹੈ। ਪਹਾੜੀ ਮੈਨਾ ਦੇ ਖੰਭਾਂ ਅਤੇ ਸਿਰ ਪੀਲੇ ਰੰਗ ਦੇ ਹੁੰਦੇ ਹਨ ਜਦ ਕਿ ਪਰਾਂ ਦਾ ਰੰਗ ਕਾਲਾ, ਚੁੰਝ ਨਾਰੰਗੀ ਅਤੇ ਅੱਖਾਂ ਕਾਲੀਆਂ ਹੁੰਦੀਆਂ ਹਨ। 'ਕਿਲਹਟਾ ਮੈਨਾ' ਦਾ ਸਿਰ, ਗਰਦਨ, ਸੀਨਾ ਅਤੇ ਪੂਛ ਦਾ ਰੰਗ ਕਾਲਾ ਅਤੇ ਖੰਭ ਅਤੇ ਪੈਰ ਪੀਲੇ ਰੰਗ ਦੇ ਹੁੰਦੇ ਹਨ। 'ਦਰਿਆ ਮੈਨਾ' ਦੀ ਚੁੰਝ ਨਾਰੰਗੀ ਹੁੰਦੀ ਹੈ।

ਮੈਨਾ ਦੀ ਇਕ ਪ੍ਰਜਾਤੀ 'ਗੁਲਾਬੀ ਮੈਨਾ' ਦੀ ਹੈ ਜਿਸ ਦਾ ਜ਼ਿਆਦਾਤਰ ਸਰੀਰ ਗੁਲਾਬੀ ਹੁੰਦਾ ਹੈ। ਇਹ ਵੇਖਣ ਵਿੱਚ ਬਾਕੀ ਪ੍ਰਜਾਤੀਆਂ ਦੀ ਮੈਨਾ ਤੋਂ ਜ਼ਿਆਦਾ ਸੁੰਦਰ ਲਗਦੀ ਹੈ। 'ਤੇਲੀਆ ਮੈਨਾ' ਚਮਕੀਲੇ ਕਾਲੇ ਰੰਗ ਦੀ ਹੁੰਦੀ ਹੈ। ਇਕ ਹੋਰ ਪ੍ਰਜਾਤੀ ਬਾਦਾਮੀ ਰੰਗ ਵਾਲੀ 'ਪਵਈ ਮੈਨਾ' ਦੀ ਵੀ ਹੈ ਇਸਦੀ ਚੁੰਝ ਤਿੰਨ ਰੰਗਾਂ ਦੀ ਹੁੰਦੀ ਹੈ।

ਇਨਸਾਨੀ ਬਸਤੀਆਂ ਵਿੱਚ ਰਹਿਣ ਵਾਲੀ ਮੈਨਾ ਬੜੀ ਚੇਤੰਨ ਹੁੰਦੀ ਹੈ। ਬਾਜ, ਸੱਪ, ਨੇਵਲਾ ਆਦਿ ਖਤਰਨਾਕ ਜਾਨਵਰਾਂ ਦੇ ਦਿਸਦੇ ਹੀ ਇਹ ਚਿਲਾਣਾ ਸ਼ੁਰੂ ਕਰ ਦਿੰਦੀ ਹੈ।

'ਪਹਾੜੀ ਮੈਨਾ' ਗਜਬ ਦਾ ਗਾਉਂਦੀ ਹੈ। ਤੋਤੇ ਵਾਂਗ ਉਹ ਇਨਸਾਨ ਦੀ ਭਾਸ਼ਾ ਦੀ ਨਕਲ ਵੀ ਕਰ ਸਕਦੀ ਹੈ ਅਤੇ ਗਾ ਵੀ ਸਕਦੀ ਹੈ।ਇੰਝ ਲੱਗਦਾ ਹੈ ਜਿਵੇਂ ਤਰ੍ਹਾਂ-ਤਰ੍ਹਾਂ ਦੇ ਸੰਗੀਤ ਵੱਜ ਰਹੇ ਹੋਣ। ਉਂਝ ਇਹ ਇਨਸਾਨਾਂ ਦੇ ਇਲਾਵਾ ਬਾਕੀ ਪੰਛੀਆਂ ਦੀਆਂ ਆਵਾਜ਼ਾਂ ਦੀ ਨਕਲ ਕਰਨ ਵਿੱਚ ਵੀ ਮਾਹਿਰ ਹੈ।

ਪਹਾੜੀ ਮੈਨਾ ਇਨਸਾਨਾਂ ਤੋਂ ਦੂਰ ਪਹਾੜੀ ਇਲਾਕਿਆਂ ਵਿੱਚ ਵੱਸਦੀ ਹੈ ਜਿਥੇ ਇਸਦਾ ਮੁਖ ਭੋਜਨ ਫਲ ਹੈ।

ਮੈਨਾ ਕਿਸਾਨਾਂ ਦੀ ਮਿੱਤਰ ਹੈ ਕਿਉਂਕਿ ਇਹ ਖੇਤੀ ਦੇ ਹਾਨੀਕਾਰਕ ਕੀੜੇ -ਮਕੋੜਿਆਂ ਨੂੰ ਖਾ ਕੇ ਫਸਲ ਦੀ ਰੱਖਿਆ ਕਰਦੀ ਹੈ।

ਸ਼ਾਮ ਦੇ ਸਮੇਂ ਇਹਨਾਂ ਨੂੰ ਰੁੱਖਾਂ ਅਤੇ ਬਿਜਲੀ ਜਾਂ ਟੈਲੀਫੋਨ ਦੇ ਤਾਰਾਂ ਤੇ ਬੈਠਾ ਵੇਖਿਆ ਜਾ ਸਕਦਾ ਹੈ। ਇਹ ਇਕ ਲਾਇਨ ਵਿੱਚ ਬੈਠਦੀਆਂ ਹਨ।

ਮੈਨਾ ਰੁੱਖਾਂ, ਖੂਹਾਂ ਜਾਂ ਮਕਾਨਾਂ ਦੇ ਸੁਰਾਖਾਂ ਵਿੱਚ ਆਪਣੇ ਆਲ੍ਹਣੇ ਬਣਾਉਂਦੀ ਹੈ। ਜੂਨ ਤੋਂ ਅਗਸਤ ਦੇ ਦੌਰਾਨ ਇਹ ਅੰਡੇ ਦਿੰਦੀ ਹੈ ਜੋ ਗਿਣਤੀ ਵਿੱਚ 4 ਜਾਂ 6 ਹੁੰਦੇ ਹਨ।

# ਵਿਗਿਆਨ ਪ੍ਰਸ਼ਨੋਤਰੀ

❑ ਘਮੰਡੀਲਾਲ ਅਗਰਵਾਲ

**ਪ੍ਰਸ਼ਨ: ਚੰਦਰਮਾ ਤੇ ਕਿਸੇ ਵਸਤੂ ਦਾ ਭਾਰ ਘੱਟ ਕਿਉਂ ਹੁੰਦਾ ਹੈ?**

**ਉਤਰ :** ਪ੍ਰਿਥਵੀ ਹਰੇਕ ਵਸਤੂ ਨੂੰ ਆਪਣੇ ਵੱਲ ਖਿਚਦੀ ਹੈ। ਇਸ ਕੰਮ ਲਈ ਪ੍ਰਿਥਵੀ ਨੂੰ ਕੁਝ ਜ਼ੋਰ ਲਗਾਉਣਾ ਪੈਂਦਾ ਹੈ। ਇਹ ਬਲ ਵਸਤੂ ਦਾ ਭਾਰ ਕਹਿਲਾਉਂਦਾ ਹੈ। ਜਦ ਕੋਈ ਵੀ ਵਸਤੂ ਚੰਦਰਮਾ ਤੇ ਹੁੰਦੀ ਹੈ ਤਾਂ ਉਸਦਾ ਭਾਰ ਚੰਦਰਮਾ ਦੇ ਆਕਰਸ਼ਣ-ਬਲ ਤੇ ਨਿਰਭਰ ਕਰਦਾ ਹੈ। ਚੰਦਰਮਾ ਦਾ ਆਕਰਸ਼ਣ-ਬਲ ਪ੍ਰਿਥਵੀ ਦੇ ਆਕਰਸ਼ਣ-ਬਲ ਦਾ ਛੇਵਾਂ ਹਿੱਸਾ ਹੁੰਦਾ ਹੈ। ਇਹੀ ਕਾਰਣ ਹੈ ਕਿ ਚੰਦਰਮਾ ਤੇ ਕਿਸੇ ਵਸਤੂ ਦਾ ਭਾਰ ਘੱਟ ਅਰਥਾਤ ਪ੍ਰਿਥਵੀ ਤੇ ਵਸਤੂ ਦੇ ਭਾਰ ਦਾ 1/6 ਹਿੱਸਾ ਹੋ ਜਾਂਦਾ ਹੈ।

**ਪ੍ਰਸ਼ਨ : ਚਲਦੀ ਬਸ ਤੋਂ ਉਤਰਦੇ ਸਮੇਂ ਤੁਸੀ ਅਗੇ ਵੱਲ ਕਿਉ ਡਿਗ ਪੈਂਦੇ ਹੋ?**

**ਉਤੱਰ :** ਬੱਚਿਓ, ਜਦ ਤੁਸੀ ਬਸ ਵਿੱਚ ਬੈਠ ਕੇ ਯਾਤਰਾ ਕਰ ਰਹੇ ਹੁੰਦੇ ਹੋ ਤਾਂ ਤੁਹਾਡਾ ਸਰੀਰ ਬਸ ਦੀ ਗਤੀ ਦੇ ਨਾਲ-ਨਾਲ ਗਤੀ ਅਵਸਥਾ ਵਿੱਚ ਰਹਿੰਦਾ ਹੈ। ਬਸ ਦੇ ਰੁਕਣ ਨਾਲ ਉਤਰਦੇ ਸਮੇਂ ਤੁਸੀ ਆਪਣੇ ਪੈਰ ਹੇਠਾਂ ਜ਼ਮੀਨ ਤੇ ਰੱਖਦੇ ਹੋ ਤਾਂ ਤੁਹਾਡਾ ਹੇਠਲਾ ਹਿੱਸਾ ਆਰਾਮ ਅਵਸਥਾ ਵਿੱਚ ਆ ਜਾਂਦਾ ਹੈ ਅਰਥਾਤ ਸਥਿਰ ਹੋ ਜਾਂਦਾ ਹੈ। ਦੂਸਰੇ ਪਾਸੇ ਤੁਹਾਡੇ ਸਰੀਰ ਦਾ ਉਪਰੀ ਹਿੱਸਾ ਗਤੀ ਅਵਸਥਾ ਵਿੱਚ ਹੀ ਬਣਿਆ ਰਹਿੰਦਾ ਹੈ। ਬਸ, ਇਸੇ ਵਜ੍ਹਾ ਨਾਲ ਤੁਸੀਂ ਅਗੇ ਵੱਲ ਡਿਗ ਪੈਂਦੇ ਹੋ।

**ਪ੍ਰਸ਼ਨ : ਰੁੱਖਾਂ ਦੀਆਂ ਟਹਿਣੀਆਂ ਹਿਲਾਉਣ ਨਾਲ ਫਲ ਜ਼ਮੀਨ ਤੇ ਹੀ ਡਿਗਦੇ ਹਨ, ਉਪਰ ਕਿਉਂ ਨਹੀਂ ਜਾਂਦੇ?**

**ਉਤਰ :** ਪ੍ਰਿਥਵੀ ਹਰੇਕ ਵਸਤੂ ਨੂੰ ਆਪਣੇ ਵੱਲ ਖਿਚਦੀ ਹੈ। ਪ੍ਰਿਥਵੀ ਦੇ ਇਸ ਆਕਰਸ਼ਣ -ਬਲ ਦਾ ਨਾਮ land gravitation ਵੀ ਹੈ। ਚੰਦਰਮਾ ਦੀ ਤੁਲਨਾ ਵਿੱਚ ਪ੍ਰਿਥਵੀ ਦਾ ਆਕਰਸ਼ਣ_ਬਲ 6 ਗੁਣਾ ਜ਼ਿਆਦਾ ਹੁੰਦਾ ਹੈ। ਜਦ ਅਸੀਂ ਰੁੱਖ ਦੀਆਂ ਟਹਿਣੀਆਂ ਨੂੰ ਹਿਲਾਉਂਦੇ ਹਾਂ ਤਾਂ ਫਲ ਟਹਿਣੀਆਂ ਨਾਲੋਂ ਟੁੱਟ ਕੇ ਅਲਗ ਹੋ ਜਾਦਾ ਹੈ। ਇਹਨਾਂ ਫਲਾਂ ਨੂੰ ਪ੍ਰਿਥਵੀ ਆਪਣੇ ਵੱਲ ਖਿਚ ਲੈਂਦੀ ਹੈ। ਇਹ ਫਲ ਉਪਰ ਵੱਲ ਇਸ ਲਈ ਨਹੀ ਜਾਂਦੇ ਕਿਉਂਕਿ ਚੰਦਰਮਾ ਦਾ ਆਕਰਸ਼ਣ-ਬਲ ਪ੍ਰਿਥਵੀ ਦੇ ਆਕਰਸ਼ਣ-ਬਲ ਤੋਂ ਘੱਟ ਹੈ ਜੋ ਇਸਨੂੰ ਪ੍ਰਭਾਵਿਤ ਨਹੀ ਕਰ ਸਕਦਾ।

**ਪ੍ਰਸ਼ਨ : ਖਾਲੀ ਟਰੱਕ ਦੀ ਤੁਲਨਾ ਵਿੱਚ ਸਮਾਨ ਨਾਲ ਭਰੇ ਟਰੱਕ ਨੂੰ ਰੋਕਣਾ ਕਠਿਨ ਕਿਉਂ ਹੁੰਦਾ ਹੈ?**

**ਉਤਰ :** ਸੰਸਾਰ ਦੀ ਹਰੇਕ ਵਸਤੂ ਅਵਸਥਾ-ਪ੍ਰੀਵਰਤਨ (ਵਿਰਾਮ ਤੋਂ ਗਤੀ ਅਤੇ ਗਤੀ ਤੋਂ ਵਿਰਾਮ ਵਿੱਚ ਆਉਣਾ) ਦਾ ਵਿਰੋਧ ਕਰਦੀ ਹੈ, ਇਸ ਅਵਸਥਾ-ਪ੍ਰੀਵਰਤਨ ਦੇ ਵਿਰੋਧ ਕਰਨ ਦੇ ਗੁਣ ਨੂੰ ਜੜਤਵ ਕਹਿੰਦੇ ਹਨ। ਖਾਲੀ ਟਰੱਕ ਦੀ ਤੁਲਨਾ ਵਿੱਚ ਸਮਾਨ ਨਾਲ ਭਰੇ ਟਰੱਕ ਦਾ ਜੜਤਵ ਅਧਿਕ ਹੁੰਦਾ ਹੈ। ਕਿਸੇ ਵੀ ਗਤੀ ਕਰਦੀ ਹੋਈ ਵਸਤੂ ਦਾ ਜੜਤਵ ਜਿੰਨਾ ਜ਼ਿਆਦਾ ਹੋਵੇਗਾ, ਉਹਨੂੰ ਰੋਕਣ ਦੇ ਲਈ ਤੁਹਾਨੂੰ ਓਨਾ ਹੀ ਬਲ ਜ਼ਿਆਦਾ ਲਗਾਉਣਾ ਪਏਗਾ। ਇਹੀ ਕਾਰਣ ਹੈ ਕਿ ਖਾਲੀ ਟਰੱਕ ਦੀ ਤੁਲਨਾ ਵਿੱਚ ਸਮਾਨ ਨਾਲ ਭਰੇ ਹੋਏ ਟਰੱਕ ਨੂੰ ਰੋਕਣਾ ਕਠਿਨ ਹੁੰਦਾ ਹੈ। ❑

ਪ੍ਰੇਰਕ ਪ੍ਰਸੰਗ : ਸ਼ਿਆਮਸੁੰਦਰ

# ਬਾਂਦਰ ਦੀ ਚਤੁਰਾਈ



ਇਕ ਨਦੀ ਵਿੱਚ ਇਕ ਮਗਰਮੱਛ ਰਹਿੰਦਾ ਸੀ। ਨਦੀ ਦੇ ਨੇੜੇ ਹੀ ਅੰਬ ਦੇ ਰੁੱਖ ਤੇ ਬਾਂਦਰ ਰਹਿੰਦਾ ਸੀ। ਦੋਹਾਂ ਵਿੱਚ ਗਹਿਰੀ ਮਿੱਤਰਤਾ ਸੀ। ਬਾਂਦਰ ਮਰਗਮੱਛ ਨੂੰ ਮਿੱਠੇ-ਮਿੱਠੇ ਅੰਬ ਦੇਂਦਾ ਸੀ, ਮਗਰਮੱਛ ਵੀ ਬਾਂਦਰ ਨੂੰ ਕੁਝ ਨਾ ਕੁਝ ਵਸਤੂ ਦਿੰਦਾ ਸੀ। ਇਕ ਦਿਨ ਮਗਰਮੱਛ ਨੇ ਸੋਚਿਆ ਕਿ ਬਾਂਦਰ ਮਿੱਠੇ-ਮਿੱਠੇ ਅੰਬ ਖਾਂਦਾ ਹੈ। ਇਸ ਲਈ ਉਸਦਾ ਕਲੇਜਾ ਵੀ ਬਹੁਤ ਮਿੱਠਾ ਹੋਵੇਗਾ। ਉਸ ਨੇ ਬਾਂਦਰ ਨੂੰ ਕਿਹਾ – ਤੇਰੀ ਭਾਬੀ ਨੇ ਤੈਨੂੰ ਸੱਦਾ ਪੱਤਰ ਦਿੱਤਾ ਹੈ, ਤੇਰੇ ਲਈ ਪਕਵਾਨ ਬਣਾਏ ਹਨ, ਤੈਨੂੰ ਘਰ ਬੁਲਾਇਆ ਹੈ।

ਬਾਂਦਰ ਬੋਲਿਆ – ਮੈਂ ਤੁਹਾਡੇ ਘਰ ਕਿਵੇਂ ਜਾ ਸਕਦਾ ਹਾਂ।

ਮਗਰਮੱਛ ਨੇ ਕਿਹਾ – 'ਤੂੰ ਮੇਰੀ ਪਿੱਠ ਤੇ ਬੈਠ ਜਾ, ਮੈਂ ਤੈਨੂੰ ਆਪਣੇ ਘਰ ਲੈ ਜਾਵਾਂਗਾ।' ਮਗਰਮੱਛ ਖੁਸ਼ ਸੀ ਕਿ ਉਹਨੂੰ ਅੱਜ ਬਾਂਦਰ ਦਾ ਕਲੇਜਾ ਖਾਣ ਲਈ ਮਿਲੇਗਾ। ਮਰਗਮੱਛ ਖੁਸ਼ੀ ਦੇ ਮਾਰੇ ਬਾਂਦਰ ਤੋਂ ਰਾਹ ਵਿੱਚ ਪੁੱਛ ਬੈਠਾ – ਤੇਰਾ ਕਲੇਜਾ ਤਾਂ ਬਹੁਤ ਮਿੱਠਾ ਹੋਵੇਗਾ।

ਬਾਂਦਰ ਬੋਲਿਆ– ਭਰਾ ਜੀ, ਮੇਰਾ ਕਲੇਜਾ ਬਹੁਤ ਮਿੱਠਾ ਹੈ। ਕੀ ਤੈਨੂੰ ਕਲੇਜੇ ਦੀ ਲੋੜ ਹੈ? ਜਦ ਮੈਂ ਤੇਰੀ ਪਿੱਠ ਤੇ ਬੈਠਾ ਸੀ, ਤਦ ਤੂੰ ਮੈਨੂੰ ਕਲੇਜਾ ਲੈ ਕੇ ਚੱਲਣ ਲਈ ਕਿਉਂ ਨਹੀਂ ਕਿਹਾ? ਹਾਲਾਂ ਅਸੀ ਜ਼ਿਆਦਾ ਦੂਰ ਨਹੀਂ ਆਏ ਹਾਂ, ਤੂੰ ਵਾਪਸ ਚੱਲ, ਮੈਂ ਆਪਣਾ ਕਲੇਜਾ ਰੁੱਖ ਤੇ ਰੱਖ ਆਇਆ ਸੀ। ਰੁੱਖ ਤੋਂ ਕਲੇਜਾ ਲੈ ਕੇ ਮੈਂ ਤੇਰੀ ਪਿੱਠ ਤੇ ਫਿਰ ਬੈਠ ਕੇ ਭਾਬੀ ਦੇ ਕੋਲ ਚਲਾਂਗਾ।

ਮਗਰਮੱਛ ਨੂੰ ਕਲੇਜਾ ਚਾਹੀਦਾ ਸੀ, ਉਹ ਤੁਰੰਤ ਵਾਪਸ ਨਦੀ ਦੇ ਕਿਨਾਰੇ ਤੇ ਆਇਆ। ਬਾਂਦਰ ਛਾਲ ਮਾਰ ਕੇ ਰੁੱਖ ਤੇ ਚੜ੍ਹ ਗਿਆ। ਰੁੱਖ ਤੋਂ ਵਾਪਸ ਨਹੀਂ ਉਤਰਿਆ। ਮਗਰਮੱਛ ਨੇ ਬਾਂਦਰ ਨੂੰ ਵਾਰ-ਵਾਰ ਪੁਕਾਰਿਆ ਕਿ ਕਲੇਜਾ ਲੈ ਕੇ ਆ। ਬਾਂਦਰ ਬੋਲਿਆ –

''ਮੈਂ ਅਜਿਹੇ ਧੋਖੇਬਾਜ ਮਿੱਤਰ ਦੇ ਨਾਲ ਜੀਵਨ ਨਹੀਂ ਗੰਵਾ ਸਕਦਾ। ਮੈਂ ਤਾਂ ਆਪਣੀ ਜਾਨ ਬਚਾਉਣ ਲਈ ਤੈਨੂੰ ਝੂਠ ਬੋਲਿਆ ਸੀ। ਕੀ ਕਲੇਜਾ ਸਰੀਰ ਤੋਂ ਬਾਹਰ ਰੱਖਿਆ ਜਾ ਸਕਦਾ ਹੈ?''





ਲੇਖ : ਡਾ: ਪਰਸ਼ੂਰਾਮ ਸ਼ੁਕਲ

# ਹਿਮਾਲਿਆ ਦਾ ਸ਼ਰਮੀਲਾ ਪ੍ਰਾਣੀ : ਯਾਕ

ਯਾਕ ਮੱਧ ਏਸ਼ੀਆਂ ਦੇ ਉਚੇ, ਬਰਫੀਲੇ, ਪਰਬਤੀ ਸਥਾਨਾਂ ਤੇ ਮਿਲਣ ਵਾਲਾ ਇਕ ਸ਼ਰਮੀਲਾ ਪਸ਼ੂ ਹੈ। ਇਸਦਾ ਆਕਾਰ ਮੱਝ ਤੋਂ ਕੁਝ ਵੱਡਾ ਹੁੰਦਾ ਹੈ ਅਤੇ ਇਸਦੇ ਮੋਢਿਆਂ, ਪੱਟਾਂ ਅਤੇ ਪੂਛ ਤੇ ਲੰਮੇ, ਘਣੇ ਵਾਲ ਹੁੰਦੇ ਹਨ। ਯਾਕ ਦੇ ਸਿਰ ਤੇ ਵਿਸ਼ੇਸ਼ ਪ੍ਰਕਾਰ ਨਾਲ ਮੁੜੇ ਲੰਮੇ ਸਿੰਗ ਹੁੰਦੇ ਹਨ। ਇਸਦੇ ਵਾਲ ਅਤੇ ਸਿੰਗ ਇਸਦੀ ਵਿਸ਼ੇਸ਼ ਪਹਿਚਾਨ ਹਨ। ਯਾਕ ਰੂਸ, ਚੀਨ, ਮੰਗੋਲੀਆ, ਤਿੱਬਤ ਅਤੇ ਭਾਰਤ ਵਿੱਚ ਪਾਇਆ ਜਾਂਦਾ ਹੈ। ਭਾਰਤ ਵਿੱਚ ਇਹ ਗੜ੍ਹਵਾਲ ਦੀਆਂ ਪਹਾੜੀਆਂ, ਜੰਮੂ-ਕਸ਼ਮੀਰ ਦੀ ਲਦਾਖ ਘਾਟੀ ਅਤੇ ਹਿਮਾਲਿਆ ਪ੍ਰਦੇਸ਼ ਦੀ ਪੂੰਜੀ, ਲਾਹੁਲ ਅਤੇ ਸਪੀਤੀ ਘਾਟੀਆਂ ਵਿੱਚ ਵੇਖਣ ਨੂੰ ਮਿਲਦਾ ਹੈ।

ਯਾਕ ਇਕ ਪਰਬਤੀ ਪ੍ਰਾਣੀ ਹੈ। ਇਹ ਮੈਦਾਨੀ ਹਿੱਸਿਆਂ ਵਿੱਚ ਨਹੀਂ ਰਹਿ ਸਕਦਾ। ਆਮਤੌਰ ਤੇ ਯਾਕ ਦੀਆਂ ਦੋ ਪ੍ਰਜਾਤੀਆਂ ਵੇਖਣ ਨੂੰ ਮਿਲਦੀਆਂ ਹਨ। ਜੰਗਲੀ ਯਾਕ ਅਤੇ ਪਾਲਤੂ ਯਾਕ। ਜੰਗਲੀ ਯਾਕ ਸ਼ਕਤੀਸ਼ਾਲੀ, ਭਾਰੀ-ਭਰਕਮ ਅਤੇ ਵੱਡੇ ਆਕਾਰ ਦਾ ਹੁੰਦਾ ਹੈ। ਨਰ ਯਾਕ ਦੇ ਸਰੀਰ ਦਾ ਭਾਰ ਸੌ ਤੋਂ ਲੈ ਕੇ ਪੰਜ ਸੌ ਕਿਲੋਗ੍ਰਾਮ ਤਕ ਅਤੇ ਮਾਦਾ ਯਾਕ ਦੇ ਸਰੀਰ ਦਾ ਭਾਰ ਡੇਢ ਸੌ ਤੋਂ ਲੈ ਕੇ ਸਾਢੇ ਤਿੰਨ ਸੌ ਕਿਲੋਗ੍ਰਾਮ ਤਕ ਹੁੰਦਾ ਹੈ ਇਸਦਾ ਸਿਰ ਝੁਕਿਆ ਹੋਇਆ, ਮੋਢੇ ਉਚੇ, ਕਮਰ ਸਿੱਧੀ ਅਤੇ ਪੈਰ ਛੋਟੇ ਅਤੇ ਮਜ਼ਬੂਤ ਹੁੰਦੇ ਹਨ। ਜੰਗਲੀ ਯਾਕ ਦੇ ਦੋਹਾਂ ਸਿੰਗਾਂ ਦੇ ਵਿਚਕਾਰ ਵਾਲਾਂ ਦਾ ਇਕ ਗੁੱਛਾ ਹੁੰਦਾ ਹੈ ਅਤੇ ਗਰਦਨ ਤੇ ਲੰਮੇ ਵਾਲ ਹੁੰਦੇ ਹਨ। ਰੂਸ ਅਤੇ ਮੰਗੋਲੀਆ ਦੇ ਜੰਗਲੀ ਯਾਕ ਪੰਦਰਾ ਹਜ਼ਾਰ ਫੁੱਟ ਦੀ ਉਚਾਈ ਤਕ ਵੀ ਵੇਖੇ ਗਏ ਹਨ। ਇਹ ਆਮਤੌਰ ਤੇ ਦਸ-ਪੰਦਰਾਂ ਤੋਂ ਲੈ ਕੇ ਦੋ ਸੌ ਤਕ ਦੇ ਝੁੰਡ ਵਿੱਚ ਰਹਿੰਦੇ ਹਨ ਅਤੇ 40 ਡਿਗਰੀ ਸੇਲਸੀਅਸ ਤਾਪਕ੍ਰਮ ਵਿੱਚ ਵੀ ਕੋਈ ਕਠਿਨਾਈ ਅਨੁਭਵ ਨਹੀਂ ਕਰਦੇ।

ਪਾਲਤੂ ਯਾਕ ਇਕ ਸਿੱਧਾ-ਸਾਦਾ ਸ਼ਰਮੀਲਾ ਪ੍ਰਾਣੀ ਹੈ। ਇਹ ਜੰਗਲੀ ਯਾਕ ਤੋਂ ਛੋਟਾ ਹੁੰਦਾ ਹੈ। ਇਸਦੇ ਸਰੀਰ ਤੇ ਘੱਟ ਵਾਲ ਹੁੰਦੇ ਹਨ। ਇਸਦਾ

ਰੰਗ ਸਫੈਦ ਮਟਮੈਲਾ ਜਾਂ ਚਿਤਕਬਰਾ ਹੁੰਦਾ ਹੈ। ਪਾਲਤੂ ਯਾਕ ਇਕ ਦੁਧਾਰੂ ਪਸ਼ੂ ਹੈ। ਪਾਲਤੂ ਯਾਕ ਖੇਤੀਬਾੜੀ ਦੇ ਕੰਮਾਂ, ਮਾਲ ਢੋਣ ਅਤੇ ਸਵਾਰੀ ਦੇ ਕੰਮ ਵੀ ਆਉਂਦਾ ਹੈ। ਇਹ ਉਚੇ-ਨੀਵੇਂ ਖਤਰਨਾਕ ਪਰਬਤੀ ਮਾਰਗਾਂ ਤੇ ਬੜੀ ਸਰਲਤਾ ਨਾਲ ਚੜ ਜਾਂਦਾ ਹੈ। ਸਵਾਰੀ ਅਤੇ ਬੋਝ ਢੋਹਣ ਲਈ ਇਹ ਟੱਟੂ ਅਤੇ ਖੱਚਰ ਤੋਂ ਵੀ ਵੱਧ ਉਪਯੋਗੀ ਹੈ। ਪਾਲਤੂ ਯਾਕ ਦੇ ਦੁੱਧ ਨਾਲ ਦਹੀ, ਪਨੀਰ, ਮੱਖਣ, ਘਿਉ ਅਤੇ ਭਿੰਨ-ਭਿੰਨ ਪ੍ਰਕਾਰ ਦੀਆਂ ਮਿਠਾਈਆਂ ਬਣਦੀਆਂ ਹਨ। ਇਸਦੇ ਵਾਲਾਂ ਨਾਲ ਰੱਸੀਆਂ ਅਤੇ ਕੰਬਲ ਬਣਾਏ ਜਾਂਦੇ ਹਨ ਅਤੇ ਇਸਦੀ ਖੱਲ ਥੈਲੇ ਤੋਂ ਲੈ ਕੇ ਤੰਬੂ ਤਕ ਬਣਾਉਣ ਦੇ ਕੰਮ ਆਉਂਦੀ ਹੈ। ਬਰਫੀਲੇ ਪਰਬਤੀ ਖੇਤਰਾਂ ਵਿੱਚ ਰਹਿਣ ਵਾਲੇ ਲੋਕ ਸਰਦੀਆਂ ਵਿੱਚ ਇਸਦੀ ਖੱਲ ਦਾ ਵਸਤਰਾਂ ਵਾਂਗ ਵੀ ਉਪਯੋਗ ਕਰਦੇ ਹਨ।

ਵਿਸ਼ਵ ਵਿੱਚ ਸਭ ਤੋਂ ਵੱਧ ਯਾਕ ਤਿੱਬਤ ਵਿੱਚ ਮਿਲਦੇ ਹਨ। ਇਥੇ ਇਹਨਾਂ ਦੀਆਂ ਪ੍ਰਜਾਤੀਆਂ ਦਾ ਵੀ ਵਿਕਾਸ ਕੀਤਾ ਗਿਆ ਹੈ। ਯਾਕ ਪਿਤਾ ਤੇ ਗਾਂ ਮਾਤਾ ਤੋਂ ਪੈਦਾ ਪ੍ਰਜਾਤੀ ਨੂੰ 'ਜੁਬੂ' ਅਤੇ ਯਾਕ ਮਾਤਾ ਅਤੇ ਸਾਂਡ ਪਿਤਾ ਤੋਂ ਪੈਦਾ ਪ੍ਰਜਾਤੀ ਨੂੰ 'ਗਾਜੋ' ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਤਿੱਬਤ ਵਿੱਚ ਯਾਕ ਦੀ ਇਕ ਅਜਿਹੀ ਪ੍ਰਜਾਤੀ ਵੀ ਪਾਈ ਜਾਂਦੀ ਹੈ, ਜਿਸਦੇ ਸਿੰਗ ਨਹੀਂ ਹੁੰਦੇ। ਇਸਨੂੰ 'ਜ਼ੂਮ' ਕਹਿੰਦੇ ਹਨ। ਇਕ ਮਾਦਾ ਯਾਕ ਤੋਂ ਇਕ ਦਿਨ ਵਿੱਚ ਦੋ ਤੋਂ ਲੈ ਕੇ ਪੰਜ ਕਿਲੋ ਤਕ ਦੁੱਧ ਪ੍ਰਾਪਤ ਹੁੰਦਾ ਹੈ, ਜੋ ਪੌਸ਼ਟਿਕਤਾ ਵਿੱਚ ਗਾਂ ਜਾਂ ਮੱਝ ਦੇ ਦੁੱਧ ਤੋਂ ਘੱਟ ਨਹੀਂ ਹੁੰਦਾ।

ਯਾਕ ਬਰਫੀਲੇ ਪਹਾੜਾਂ ਤੇ ਉਗਣ ਵਾਲੀ ਘਾਹ-ਫੂਸ, ਝਾੜੀਆਂ ਜਾਂ ਬਾਕੀ ਬਨਸਪਤੀਆਂ ਖਾਂਦਾ ਹੈ ਅਤੇ ਪਿਘਲੀ ਹੋਈ ਬਰਫ ਦਾ ਪਾਣੀ ਪੀਂਦਾ ਹੈ। ਕੁਝ ਪਸ਼ੂ ਵਿਗਿਆਨਕਾਂ ਦਾ ਮਤ ਹੈ ਕਿ ਇਹ ਨਮਕੀਨ ਮਿੱਟੀ ਅਤੇ ਬਰਫ ਵੀ ਖਾਂਦਾ ਹੈ। ਯਾਕ ਨੂੰ ਗਰਮੀਆਂ ਵਿੱਚ ਤਾਂ ਭਰਪੂਰ ਭੋਜਨ ਮਿਲ ਜਾਂਦਾ ਹੈ, ਪਰ ਸਰਦੀਆਂ ਦੇ ਦਿਨਾਂ ਵਿੱਚ ਜਦ ਘਾਹ-ਫੂਸ ਆਦਿ ਬਨਸਪਤੀਆਂ ਬਰਫ ਨਾਲ ਢੱਕ ਜਾਂਦੀਆਂ ਹਨ ਤਾਂ ਇਹਨੂੰ ਭੋਜਨ ਪ੍ਰਾਪਤ ਕਰਨ ਵਿੱਚ ਕਾਫੀ ਕਠਿਨਾਈ ਹੁੰਦੀ ਹੈ। ਆਮਤੌਰ ਤੇ ਇਹ ਬਰਫ ਖੋਦ ਕੇ ਆਪਣਾ ਭੋਜਨ ਪ੍ਰਾਪਤ ਕਰ ਲੈਂਦਾ ਹੈ ਪਰ ਜ਼ਿਆਦਾ ਬਰਫ ਹੋਣ ਤੇ ਕਦੀ-ਕਦੀ ਇਸ ਨੂੰ ਕਈ ਦਿਨਾਂ ਤਕ ਭੁੱਖਾ ਰਹਿਣਾ ਪੈਂਦਾ ਹੈ।

ਤਿੱਬਤ, ਰੂਸ, ਚੀਨ, ਭਾਰਤ, ਮੰਗੋਲੀਆ ਆਦਿ ਸਾਰੇ ਦੇਸ਼ਾਂ ਵਿੱਚ ਯਾਕਾਂ ਦੀ ਕੁਲ ਗਿਣਤੀ ਵਰਤਮਾਨ ਵਿੱਚ ਲਗਭਗ ਦਸ ਲੱਖ ਹੈ, ਪ੍ਰੰਤੂ ਇਹਨਾਂ ਦੀ ਸੁਰੱਖਿਆ ਦੀ ਉਚਿੱਤ ਵਿਵਸਥਾ ਨਾ ਹੋਣ ਦੇ ਕਾਰਣ ਇਹਨਾਂ ਦੀ ਗਿਣਤੀ ਵਿੱਚ ਤੇਜ਼ੀ ਨਾਲ ਗਿਰਾਵਟ ਆ ਰਹੀ ਹੈ। ਯਾਕਾਂ ਦੀ ਗਿਣਤੀ ਅਗਰ ਇਸੇ ਤਰ੍ਹਾਂ ਡਿਗਦੀ ਗਈ ਤਾਂ ਛੇਤੀ ਹੀ ਇਸ ਉਪਯੋਗੀ ਪਸ਼ੂ ਨੂੰ ਦੁਰਲਭ ਜਾਂ ਲੁਪਤ ਹੋ ਰਹੇ ਪਸ਼ੂਆਂ ਦੀ ਸ਼੍ਰੇਣੀ ਵਿੱਚ ਸ਼ਾਮਿਲ ਕਰਨਾ ਪਏਗਾ।



ਬਲਵਿੰਦਰ ਬਾਲਮ

# ਖ਼ੁਸ਼ੀਆਂ ਦਾ ਤਿਉਹਾਰ
# ਹੋਲੀ ਰੰਗਾਂ ਦੀ

ਰੰਗਾਂ ਵਿਚ ਹੈ ਪਿਆਰ ਕਿ ਹੋਲੀ ਰੰਗਾਂ ਦੀ
ਖ਼ੁਸ਼ੀਆਂ ਦਾ ਤਿਉਹਾਰ ਕਿ ਹੋਲੀ ਰੰਗਾਂ ਦੀ।

ਢੋਲ ਨਗਾਰੇ ਬੋਲੀ ਗਿੱਧੇ ਭੰਗੜੇ ਨੇ।
ਗਲ ਨਾਲ ਮਿਲ ਕੇ ਲੋਕੀ ਛੱਡਦੇ ਝਗੜੇ ਨੇ।
ਜੀਵਨ ਦੇ ਦਿਨ ਚਾਰ ਕਿ ਹੌਲੀ ਰੰਗਾਂ ਦੀ।
ਖ਼ੁਸ਼ੀਆਂ ਦਾ ਤਿਉਹਾਰ ਕਿ ਹੋਲੀ ਰੰਗਾਂ ਦੀ।

ਹੋਲਿਕਾ ਭੈਣ ਸੜੀ, ਜੀਉਂਦਾ ਹੈ ਪ੍ਰਹਿਲਾਦ।
ਦੋਹਾਂ ਨੂੰ ਜਗ ਤੇ ਲੋਕੀਂ ਕਰਦੇ ਯਾਦ।
ਰੱਬ ਉੱਤੇ ਇਤਬਾਰ ਹੌਲੀ ਰੰਗਾਂ ਦੀ।
ਖ਼ੁਸ਼ੀਆਂ ਦਾ ਤਿਉਹਾਰ ਕਿ ਹੌਲੀ ਰੰਗਾਂ ਦੀ।


ਬੱਚੇ ਖੇਡ ਰਹੇ ਨੇ ਪਿਚਕਾਰੀ ਨਾਲ।
ਦੌੜਮ ਦੌੜ ਹਾਸੇ ਨੇ ਕਿਲਕਾਰੀ ਨਾਲ।
ਬਿੱਕਾ ਮਿੱਠੂ ਯਾਰ ਕਿ ਹੌਲੀ ਰੰਗਾਂ ਦੀ।
ਖ਼ੁਸ਼ੀਆਂ ਦਾ ਤਿਉਹਾਰ ਕਿ ਹੋਲੀ ਰੰਗਾਂ ਦੀ।

ਰੰਗ ਬਿਰੰਗੇ ਰੰਗਾਂ ਦਾ ਹੈ ਸਾਰਾ ਦੇਸ਼।
'ਬਾਲਮ' ਲਗਦਾ ਸੁੰਦਰ ਅਤੇ ਪਿਆਰਾ ਦੇਸ਼।
ਰੰਗਿਆ ਸਭਿਆਚਾਰ ਕਿ ਹੋਲੀ ਰੰਗਾਂ ਦੀ।
ਖ਼ੁਸ਼ੀਆਂ ਦਾ ਤਿਉਹਾਰ ਕਿ ਹੋਲੀ ਰੰਗਾਂ ਦੀ।



ਕਹਾਣੀ : ਨੀਲਮ ਗੁਪਤਾ

# ਭਲਾ – ਬੁਰਾ



ਸਵਰਨ ਰੇਖਾ ਨਦੀ ਦੇ ਕਿਨਾਰੇ ਕਿਸੇ ਮਹਾਂਰਿਸ਼ੀ ਦਾ ਆਸ਼ਰਮ ਸੀ। ਅਨੇਕਾਂ ਚੇਲੇ ਉਥੇ ਰਹਿ ਕੇ ਮਹਾਂਰਿਸ਼ੀ ਤੋਂ ਗਿਆਨ ਪ੍ਰਾਪਤ ਕਰਦੇ ਸਨ।

ਇਕ ਦਿਨ ਜਦ ਸਵੇਰ ਦੇ ਸਮੇਂ ਮਹਾਰਿਸ਼ੀ ਚੇਲਿਆਂ ਨੂੰ ਗਿਆਨ ਦੀਆਂ ਕੁਝ ਗੱਲਾਂ ਦੱਸ ਰਹੇ ਸਨ ਤਾਂ ਇਕ ਚੇਲਾ ਵਿਚੋਂ ਉਠ ਖੜ੍ਹਾ ਹੋਇਆ। ਫਿਰ ਉਹ ਬੋਲਿਆ – 'ਇਕ ਸਵਾਲ ਪੁੱਛਾਂ ਗੁਰੂ ਜੀ?

'ਕਿਉਂ ਨਹੀਂ!' ਜਵਾਬ ਮਿਲਿਆ।

'ਕੋਈ ਵਿਅਕਤੀ ਆਪਣਿਆਂ ਨੂੰ ਕਿਵੇਂ ਸਮਝੇ ਕਿ ਉਹ ਭਲਾ ਹੈ ਜਾਂ ਬੁਰਾ?'

'ਇਸ ਦੀ ਪਹਿਚਾਨ ਤਾਂ ਬਹੁਤ ਸਰਲ ਹੈ।' – ਗੁਰੂ ਜੀ ਬੋਲੇ।

'ਉਹ ਕਿਵੇਂ? ਚੇਲਾ ਉਤਸੁਕ ਹੋਇਆ।

'ਦੂਸਰੇ ਦੇ ਬਾਰੇ ਵਿੱਚ ਸਾਡੇ ਜੋ ਭਾਵ, ਵਿਚਾਰ ਅਤੇ ਧਾਰਣਾਵਾਂ ਹੁੰਦੀਆਂ ਹਨ ਅਰਥਾਤ ਜੋ ਆਚਰਣ ਅਤੇ ਵਿਵਹਾਰ ਅਸੀਂ ਦੂਸਰਿਆਂ ਲਈ ਕਰਦੇ ਹਾਂ, ਅਸਲ ਵਿੱਚ ਉਹਨਾਂ ਵਿਚੋਂ ਸਾਡੇ ਭਲੇ-ਬੁਰੇ ਹੋਣ ਦੀ ਪਹਿਚਾਣ ਹੋ ਜਾਂਦੀ ਹੈ।' ਗੁਰੂ ਜੀ ਨੇ ਦੱਸਿਆ।

ਚੇਲੇ ਨੂੰ ਮਹਾਂਰਿਸ਼ੀ ਦੀ ਗੱਲ ਚੰਗੀ ਤਰ੍ਹਾਂ ਸਮਝ ਵਿੱਚ ਨਹੀਂ ਆਈ। ਉਹ ਫਿਰ ਬੋਲ ਉਠਿਆ, 'ਥੋੜਾ ਹੋਰ ਸਪੱਸ਼ਟ ਕਰੋ ਗੁਰੂਦੇਵ।'

ਚੰਗੀ ਗੱਲ ਹੈ।' ਮਹਾਂਰਿਸ਼ੀ ਨੇ ਸਮਝਾਉਂਦੇ ਹੋਏ ਅੱਗੇ ਕਿਹਾ – ਜੋ ਵਿਅਕਤੀ ਲੋਕਾਂ ਦੇ ਬਾਰੇ ਵਿੱਚ ਚੰਗਾ ਭਾਵ, ਚੰਗੇ ਵਿਚਾਰ ਰੱਖਦਾ ਹੈ, ਉਹਨਾਂ ਦੇ ਪ੍ਰਤੀ ਜਿੰਨਾਂ ਚੰਗਾ ਆਚਰਣ ਕਰਦਾ ਹੈ, ਸਦਵਿਵਹਾਰ ਰੱਖਦਾ ਹੈ, ਉਹ ਓਨਾ ਹੀ ਭਲਾ ਹੁੰਦਾ ਹੈ ਅਤੇ ਦੂਸਰਿਆਂ ਦੇ ਪ੍ਰਤੀ ਜੋ ਬੁਰਾ ਖਿਆਲ ਰੱਖਦਾ ਹੈ ਅਤੇ ਉਹਨਾਂ ਦੇ ਪ੍ਰਤੀ ਬੁਰਾ ਵਿਵਹਾਰ ਜਾਂ ਆਚਰਣ ਕਰਦਾ ਹੈ, ਉਹ ਓਨਾ ਹੀ ਬੁਰਾ ਹੁੰਦਾ ਹੈ। ਯਾਦ ਰਹੇ, ਖੁਦ ਦੇ ਭਲਾ ਕਹਿਣ ਜਾਂ ਸਿੱਧ ਕਰਨ ਨਾਲ ਕੋਈ ਭਲਾ ਨਹੀਂ ਹੋ ਜਾਂਦਾ ਅਤੇ ਦੂਸਰੇ ਨੂੰ ਬੁਰਾ ਕਹਿ ਦੇਣ ਨਾਲ ਕੋਈ ਬੁਰਾ ਨਹੀਂ ਹੋ ਜਾਂਦਾ। ਦੂਸਰੇ ਲਈ ਸਾਡਾ ਜੋ ਚਰਿੱਤਰ ਹੁੰਦਾ ਹੈ, ਉਹ ਸਾਡੇ ਹੀ ਚਰਿੱਤਰ ਤੇ ਪ੍ਰਕਾਸ਼ ਪਾਉਂਦਾ ਹੈ, ਦੂਸਰੇ ਤੇ ਨਹੀਂ।

ਚੇਲੇ ਨੂੰ ਹੁਣ ਆਪਣੇ ਭਲੇ-ਬੁਰੇ ਦੀ ਪਹਿਚਾਣ ਹੋ ਗਈ। ਉਹ ਆਪਣੀ ਜਗ੍ਹਾ ਬੈਠ ਗਿਆ।

# ਹਾਸਾ ਖੇਡਾ

ਪੱਪੂ : (ਅੰਕਲ ਨੂੰ) ਅੰਕਲ, ਮਾਂ ਦੇ ਭਰਾ ਨੂੰ ਮਾਮਾ ਬੋਲਣ ਦਾ ਸਿਲਸਿਲਾ ਕਿਵੇਂ ਸ਼ੁਰੂ ਹੋਇਆ?

ਅੰਕਲ : ਇਕ ਦਿਨ ਮਾਂ ਆਪਣੇ ਭਰਾ ਦੇ ਕੋਲ ਆਪਣਾ ਬੱਚਾ ਛੱਡ ਕੇ ਕਿਸੇ ਕੰਮ ਲਈ ਬਾਹਰ ਚਲੀ ਗਈ, ਕੁਝ ਦੇਰ ਬਾਦ ਬੱਚਾ ਮਾਂ ਮਾਂ ਕਹਿ ਕੇ ਰੋਣ ਲਗਾ। ਬਸ ਤਦ ਤੋਂ........

....................

ਇਕ ਵਿਅਕਤੀ ਆਪਣੇ ਦੋਸਤ ਨੂੰ ਬੋਲਿਆ – ਕੋਈ ਅਜਿਹੀ ਚੀਜ਼ ਦੱਸੋ ਜੋ ਬ੍ਰੇਕਫਾਸਟ ਵਿੱਚ ਨਹੀਂ ਖਾਈ ਜਾ ਸਕਦੀ।

ਦੋਸਤ : 'ਇਕ' ਕੀ ਮੈਂ 'ਦੋ' ਦੱਸਦਾ ਹਾਂ।

ਵਿਅਕਤੀ : ਠੀਕ ਹੈ, ਦੋ ਦੱਸੋ।

ਦੋਸਤ : 'ਲੰਚ' ਅਤੇ 'ਡਿਨਰ'।



................

ਡਾਇਰੈਕਟਰ ਨੇ ਇਕ ਐਕਟਰ ਨੂੰ ਕਿਹਾ – ਸਿਰਫ ਮੁਸਕਰਾਉ ਨਹੀਂ ਦੰਦ ਵੀ ਬਾਹਰ ਕੱਢੋ।

ਐਕਟਰ ਨੇ ਫੋਰਨ ਆਪਣੇ ਨਕਲੀ ਦੰਦ ਬਾਹਰ ਕੱਢ ਦਿੱਤੇ।

– ਨੇਹਾ ਗਿਦਵਾਨੀ

ਬੇਟੀ ਨੂੰ ਮਾਂ ਨੇ ਸਮਝਾਇਆ – 'ਸੱਸ ਮਾਂ' ਦੀ ਗੱਲ ਤੇ ਕਦੇ 'ਨਾ' ਨਹੀਂ ਕਹਿਣਾ। ਉਹ ਜੋ ਵੀ ਕਹੇ ਹਮੇਸ਼ਾਂ 'ਹਾਂ ਜੀ' ਹੀ ਕਹਿਣਾ।



ਬੇਟੀ ਦੇ ਸੁਹਰੇ ਘਰ ਆਉਣ ਤੇ ਉਸਦੀ ਸੱਸ ਨੇ ਇਕ ਵਾਰ ਬੁਢਾਪੇ ਤੋਂ ਤੰਗ ਹੋ ਕੇ ਕਿਹਾ – ਬਹੂ ਇਸ ਬੁਢਾਪੇ ਤੋਂ ਤਾਂ ਮੇਰਾ ਮਰ ਜਾਣਾ ਹੀ ਚੰਗਾ ਹੈ।

ਬਹੂ ਤਪਾਕ ਨਾਲ ਬੋਲੀ – ਹਾਂ ਜੀ।

....................

ਵਿਨੈ : (ਨੌਕਰ ਨੂੰ) ਮੈਂ ਇਕ ਘੰਟੇ ਤੋਂ ਘੰਟੀ ਵਜਾ ਰਿਹਾ ਹਾਂ। ਤੈਨੂੰ ਸੁਣਾਈ ਨਹੀਂ ਦਿੱਤਾ?

ਨੌਕਰ : ਆਪ ਮਾਲਿਕ ਹੋ ਆਪ ਇਕ ਘੰਟਾ ਕੀ ਪੂਰਾ ਦਿਨ ਵਜਾ ਸਕਦੇ ਹੋ।

....................

ਸੋਨੂੰ : (ਮਾਂ ਨੂੰ) ਮਾਂ ਮੈਂ ਆਪਣੀ ਜਮਾਤ ਵਿੱਚ ਤੀਸਰੇ ਨੰਬਰ ਤੇ ਆਇਆ ਹਾਂ।

ਮਾਂ : (ਖੁਸ਼ ਹੋ ਕੇ) ਚੰਗਾ ਇਹ ਤਾਂ ਦੱਸ ਤੇਰੀ ਜਮਾਤ ਵਿੱਚ ਕਿੰਨੇ ਬੱਚੇ ਸਨ?

ਸੋਨੂੰ : ਤਿੰਨ।

– ਬਬਲੂ

ਅਧਿਆਪਕ : (ਵਿਦਿਆਰਥੀ ਨੂੰ) ਦੱਸੋ ਸਵਰ ਅਤੇ ਵਿਅੰਜਨ ਵਿੱਚ ਕੀ ਫਰਕ ਹੈ?

ਵਿਦਿਆਰਥੀ : ਸਰ, ਸਵਰ ਤਾਂ ਮੂੰਹ ਤੋਂ ਬਾਹਰ ਕੱਢਦੇ ਹਾਂ ਅਤੇ ਵਿਅੰਜਨ ਮੂੰਹ ਦੇ ਅੰਦਰ ਲੈਂਦੇ ਹਾਂ।



....................

ਅਧਿਆਪਕਾ : ਰਾਹੁਲ ਦੱਸੋ, ਹਾਥੀ ਦੀ ਕੀ ਪਹਿਚਾਨ ਹੁੰਦੀ ਹੈ?

ਰਾਹੁਲ : ਮੈਡਮ ਜੀ, ਹਾਥੀ ਦੀਆਂ ਦੋ ਪੂਛਾਂ ਹੁੰਦੀਆਂ ਹਨ ਇਕ ਅਗੇ ਅਤੇ ਇਕ ਪਿੱਛੇ।

....................

ਸੁਨੀਤਾ : (ਸਪਨਾ ਨੂੰ) ਕੀ ਦੱਸਾਂ ਮੇਰਾ ਮੁੰਨਾ ਤਾਂ ਹਰਦਮ ਅੰਗੂਠਾ ਹੀ ਚੂਸਦਾ ਰਹਿੰਦਾ ਹੈ। ਕੋਈ ਉਪਾਅ ਦੱਸੋ?

ਸਪਨਾ : ਤੂੰ ਇੰਝ ਕਰ ਆਪਣੇ ਮੁੰਨੇ ਨੂੰ ਇਕ ਢਿੱਲੀ ਨਿੱਕਰ ਪਾ ਦੇ। ਦਿਨਭਰ ਉਹ ਅਪਣੀ ਨਿੱਕਰ ਨੂੰ ਹੀ ਸੰਭਾਲਦਾ ਰਹੇਗਾ ਅਤੇ ਅੰਗੂਠਾ ਚੂਸਣ ਦੀ ਆਦਤ-ਆਪੇ ਛੁੱਟ ਜਾਏਗੀ।

....................

ਕਵੀ : ਆਪ ਨੂੰ ਮੇਰੀ ਕਵਿਤਾ ਪਸੰਦ ਆਈ?

ਸਰੋਤਾ : ਮੈਨੂੰ ਉਸਦਾ ਅੰਤ ਸੁੰਦਰ ਲਗਿਆ।

ਕਵੀ : ਕਿਸ ਜਗ੍ਹਾ?

ਸਰੋਤਾ : ਜਦ ਆਪ ਨੇ ਕਿਹਾ ਕਿ ਕਵਿਤਾ ਸਮਾਪਤ ਹੋਈ।

– ਸ਼ਮੀਮ ਉਸਮਾਨੀ

ਇੱਕ ਦਿਨ ਪੱਪੂ ਬਜ਼ਾਰ ਗਿਆ। ਰਾਹ ਵਿੱਚ ਇਕ ਚੋਰ ਉਸਦਾ ਮੋਬਾਇਲ ਖੋਹ ਕੇ ਭੱਜ ਗਿਆ। ਪਹਿਲਾਂ ਤਾਂ ਪੱਪੂ ਉਸ ਦੇ ਪਿੱਛੇ ਭੱਜਿਆ, ਲੇਕਿਨ ਥੋੜੀ ਦੂਰ ਜਾ ਕੇ ਰੁਕ ਗਿਆ ਅਤੇ ਜ਼ੋਰ-ਜ਼ੋਰ ਨਾਲ ਚਿਲਾਇਆ –

ਲੈ ਜਾ, ਲੈ ਜਾ ... ਇਸਦਾ ਚਾਰਜਰ ਤਾਂ ਮੇਰੇ ਕੋਲ ਹੀ ਹੈ।

................

ਮਰੀਜ : (ਡਾਕਟਰ ਨੂੰ) ਡਾ: ਸਾਹਿਬ ਆਪ ਨੇ ਸਿਰ, ਬਦਨ ਅਤੇ ਜੋੜਾਂ ਵਿੱਚ ਹੋਣ ਵਾਲਾ ਦਰਦ ਬਿਲਕੁਲ ਠੀਕ ਕਰ ਦਿੱਤਾ। ਹੁਣ ਇਕ ਤਕਲੀਫ ਰਹਿ ਗਈ ਹੈ ਕਿ ਮੈਨੂੰ ਪਸੀਨਾ ਨਹੀਂ ਆਉਂਦਾ।

ਡਾਕਟਰ : ਚਿੰਤਾ ਨਾ ਕਰੋ, ਬਿਲ ਵੇਖ ਕੇ ਆਪਦੀ ਇਹ ਤਕਲੀਫ ਵੀ ਦੂਰ ਹੋ ਜਾਏਗੀ।



..............

ਜਹਾਜ਼ ਚਲਾ ਰਿਹਾ ਪਾਇਲਟ ਜ਼ੋਰ-ਜ਼ੋਰ ਨਾਲ ਹੱਸਣ ਲੱਗਾ ਅਤੇ ਜਹਾਜ਼ ਡਗਮਗਾਉਣ ਲਗਾ ਤਾਂ ਯਾਤਰੀਆਂ ਨੇ ਉਸ ਤੋਂ ਪੁੱਛਿਆ ਕਿ ਅਜਿਹਾ ਕਿਉਂ ਹੋ ਰਿਹਾ ਹੈ? ਪਾਇਲਟ ਬੋਲਿਆ – ਮੈਂ ਇਹ ਸੋਚ ਕੇ ਹੱਸ ਰਿਹਾ ਹਾਂ ਕਿ ਜਦ ਪਾਗਲਖਾਨੇ ਵਾਲਿਆਂ ਨੂੰ ਪਤਾ ਲਗੇਗਾ ਕਿ ਮੈਂ ਭੱਜ ਗਿਆ ਹਾਂ ਤਾਂ ਉਹਨਾਂ ਦੀ ਹਾਲਤ ਕੀ ਹੋਵੇਗੀ?

– ਗੁਰਚਰਣ ਆਨੰਦ



□ ਮਨੋਹਰ ਲਾਲ

# ਉਂਗਲੀਮਾਲ
## ਬੋਧ ਭਿਕਸ਼ੂ ਬਣ ਗਿਆ

ਜਿਸ ਸਮੇਂ ਗੌਤਮ ਬੁੱਧ ਮਤ ਦਾ ਪਰਚਾਰ ਕਰ ਰਹੇ ਸਨ ਉਸੇ ਸਮੇ ਦੌਰਾਨ ਹੀ ਇਕ ਬੜਾ ਭਿਆਨਕ ਡਾਕੂ ਉਂਗਲੀਮਾਲ ਹੋਇਆ ਹੈ। ਉਹ ਜੰਗਲ ਵਿਚ ਭਟਕੇ ਲੋਕਾਂ ਨੂੰ ਸਿਰਫ ਲੁਟਦਾ ਹੀ ਨਹੀਂ ਸੀ ਬਲਕਿ ਉਹਨਾਂ ਨੂੰ ਮਾਰ ਕੇ ਉਂਗਲਾਂ ਕੱਟ ਕੇ ਉਸਦੀ ਮਾਲਾ ਬਣਾ ਲੈਂਦਾ ਸੀ। ਉਂਗਲੀਆਂ ਦੀ ਮਾਲਾ ਪਾਉਣ ਕਾਰਣ ਉਸ ਦਾ ਨਾਂ ਉਂਗਲੀਮਾਲ ਪੈ ਗਿਆ ਸੀ।

ਲੋਕ ਉਸ ਦੇ ਨਾਂ ਤੋਂ ਕੰਬਦੇ ਸਨ। ਉਹ ਜਿਸ ਜੰਗਲ ਵਿਚ ਰਹਿੰਦਾ ਸੀ ਉਸ ਤੋਂ ਹੋ ਕੇ ਬੁੱਧ ਵੀ ਜਾ ਰਹੇ ਸਨ। ਇਕ ਦਿਨ ਉਹ ਡਾਕੂ ਬੁੱਧ ਦੇ ਸਾਹਮਣੇ ਆ ਗਿਆ। ਉਸ ਦਾ ਡਰਾਵਨਾ ਰੂਪ ਵੇਖ ਕੇ ਬੁੱਧ ਦੇ ਸਿਖ ਤਾਂ ਡਰ ਗਏ ਪਰੰਤੂ ਬੁੱਧ ਬਿਲਕੁਲ ਨਹੀਂ ਡਰੇ।

ਬੁੱਧ ਦੇ ਮੁਖ ਤੇ ਤੇਜ ਵੇਖ ਕੇ ਡਾਕੂ ਹੈਰਾਨ ਹੋ ਗਿਆ। ਉਹ ਬੁੱਧ ਦੇ ਸਾਹਮਣੇ ਆਇਆ ਤਾਂ ਬੁੱਧ ਨੇ ਪੁੱਛਿਆ ਕਿ ਉਹ ਕੀ ਚਾਹੁੰਦਾ ਹੈ?

ਉਸ ਨੇ ਉੱਤਰ ਦਿੱਤਾ ਕਿ ਤੁਹਾਡੇ ਸਾਰਿਆਂ ਦੀ ਹੱਤਿਆ। ਬੁੱਧ ਨੇ ਕਿਹਾ - ਠੀਕ ਹੈ ਅਸੀਂ ਭੱਜਾਂਗੇ ਨਹੀਂ। ਤੂੰ ਸਾਡੇ ਸਾਰਿਆਂ ਦੀ ਹੱਤਿਆ ਤੋਂ ਪਹਿਲਾਂ ਰੁੱਖ ਤੋਂ ਇਕ ਡਾਲ ਕੱਟ ਲਿਆ।

ਉਹ ਗਿਆ ਅਤੇ ਡਾਲ ਕੱਟ ਕੇ ਲੈ ਆਇਆ। ਬੁੱਧ ਨੇ ਕਿਹਾ - ਠੀਕ ਹੈ ਹੁਣ ਤੂੰ ਇਸ ਨੂੰ ਫਿਰ ਜੋੜ ਦੇ।

ਉਸ ਨੇ ਕਿਹਾ ਕਿ ਇਹ ਤਾਂ ਅਸੰਭਵ ਹੈ। ਮੈਂ ਇਸ ਨੂੰ ਜੋੜ ਨਹੀਂ ਸਕਦਾ। ਬੁੱਧ ਨੇ ਕਿਹਾ ਜਿਸ ਡਾਲੀ ਨੂੰ ਤੂੰ ਜੋੜ ਨਹੀਂ ਸਕਦਾ ਉਸ ਨੂੰ ਕੱਟ ਕੇ ਵੱਖ ਕਿਉਂ ਕਰਦਾ ਹੈ। ਜੋ ਕੱਟਦਾ ਹੈ ਉਸ ਵਿਚ ਜੋੜਨ ਦੀ ਸ਼ਕਤੀ ਵੀ ਹੋਣੀ ਚਾਹੀਦੀ ਹੈ। ਇਸੇ ਤਰ੍ਹਾਂ ਤੂੰ ਲੋਕਾਂ ਦੀ ਹੱਤਿਆ ਤਾਂ ਕਰ ਸਕਦਾ ਹੈ ਪਰ ਉਹਨਾਂ ਨੂੰ ਜੀਵਨ ਦਾਨ ਨਹੀਂ ਦੇ ਸਕਦਾ।

ਬੁੱਧ ਦੀ ਗੱਲ ਡਾਕੂ ਦੇ ਮਨ ਵਿਚ ਵੱਸ ਗਈ। ਉਸ ਨੇ ਆਪਣਾ ਹਥਿਆਰ ਸੁੱਟ ਦਿੱਤਾ ਅਤੇ ਉਹਨਾਂ ਦੇ ਚਰਨਾਂ ਵਿਚ ਡਿੱਗ ਗਿਆ। ਉਸ ਨੇ ਅਥਰੂ ਵਹਾਂਦੇ ਹੋਏ ਕਿਹਾ - ਮਹਾਰਾਜ ਤੁਸੀ ਮੇਰੀਆਂ ਅੱਖਾਂ ਖੋਲ ਦਿੱਤੀਆਂ ਹਨ ਮੈਂ ਪ੍ਰਣ ਕਰਦਾ ਹਾਂ ਕਿ ਇਹ ਭਿਆਨਕ ਕੰਮ ਮੈ ਕਦੇ ਨਹੀਂ ਕਰਾਂਗਾ। ਮੈਨੂੰ ਆਪਣਾ ਸਿਖ ਬਣਾ ਲਉ। ਉਸ ਦਿਨ ਤੋਂ ਇਕ ਵਾਕ ਦੇ ਪ੍ਰਭਾਅ ਨਾਲ ਉਹ ਬੋਧ ਭਿੱਕਸ਼ੂ ਬਣ ਗਿਆ।

ਪੇਸ਼ਕਸ਼ : ਵਿਕਾਸ ਅਰੋੜਾ

# ਸਾਧਾਰਨ ਗਿਆਨ ਪ੍ਰਸ਼ਨੋਤਰੀ



(ਸਭ ਸਵਾਲਾਂ ਦੇ ਜੁਆਬ 'ਨੀ' ਅੱਖਰ ਤੇ ਖਤਮ ਹੁੰਦੇ ਹਨ। ਪੈਨ ਜਾਂ ਪੈਂਸਿਲ ਉਠਾਉ ਅਤੇ ਪ੍ਰਸ਼ਨਚਿੰਨ ਦੇ ਬਾਅਦ ਉੱਤਰ ਲਿਖਦੇ ਜਾਉ।)

ਪ੍ਰਸ਼ਨ 1) ਅਫਗਾਨਿਸਤਾਨ ਵਿਚ ਬੋਲੀ ਜਾਣ ਵਾਲੀ ਮੁੱਖ ਭਾਸ਼ਾ ਕਿਹੜੀ ਹੈ?

ਪ੍ਰਸ਼ਨ 2) ਕਿਸ ਦੇਸ਼ ਦੀ ਰਾਜਧਾਨੀ ਬਰਲਿਨ ਹੈ?

ਪ੍ਰਸ਼ਨ 3) ਹਨੂਮਾਨ ਦੀ ਮਾਂ ਦਾ ਕੀ ਨਾਂ ਸੀ?

ਪ੍ਰਸ਼ਨ 4) ਮਹਾਤਮਾ ਬੁੱਧ ਦਾ ਜਨਮ ਸਥਾਨ ਕਿਹੜਾ ਹੈ?

ਪ੍ਰਸ਼ਨ 5) ਰੇਡੀਉ ਦੀ ਖੋਜ ਕਿਸ ਨੇ ਕੀਤੀ?

ਪ੍ਰਸ਼ਨ 6) ਛੱਤਰਪਤੀ ਸ਼ਿਵਾ ਜੀ ਦੀ ਤਲਵਾਰ ਦਾ ਕੀ ਨਾਂ ਸੀ?

ਪ੍ਰਸ਼ਨ 7) ਆਸਟ੍ਰੇਲੀਆ ਦੇ ਕਿਸ ਸ਼ਹਿਰ ਵਿਚ ਸੰਨ 2000 ਦੀਆਂ ਉਲਿੰਪਿਕ ਖੇਡਾਂ ਦਾ ਅਯੋਜਨ ਕੀਤਾ ਗਿਆ ਸੀ?

ਪ੍ਰਸ਼ਨ 8) ਕੈਰਮ ਦੇ ਖੇਡ ਵਿਚ ਲਾਲ ਰੰਗ ਦੀ ਗੋਟੀ ਕੀ ਕਹਿਲਾਉਂਦੀ ਹੈ?

ਪ੍ਰਸ਼ਨ 9) ਰਵਿੰਦਰਨਾਥ ਟੈਗੋਰ ਦੀ ਪਤਨੀ ਦਾ ਕੀ ਨਾਂ ਸੀ?

ਪ੍ਰਸ਼ਨ 10) ਅੰਡੇਮਾਨ ਨਿਕੋਬਾਰ ਦੀਪ ਸਮੂਹ ਦਾ ਪੁਰਾਣਾ ਨਾਂ ਕੀ ਸੀ?

ਪ੍ਰਸ਼ਨ 11) ਮਸ਼ਹੂਰ ਭਾਰਤੀ ਕੰਪਨੀ ਰਿਲਾਇੰਸ ਇੰਡਸਟ੍ਰੀਜ਼ ਲਿਮਿਟਡ ਦੇ ਸੰਸਥਾਪਕ ਕੌਣ ਸਨ?

ਪ੍ਰਸ਼ਨ 12) 2007 ਦੇ ਪਹਿਲੇ ਆਈ.ਸੀ.ਸੀ. ਟਵੈਂਟੀ-ਟਵੈਂਟੀ ਵਰਡ ਕੱਪ ਦੀ ਵਿਜੇਤਾ ਭਾਰਤ ਦੀ ਕ੍ਰਿਕੇਟ ਟੀਮ ਦਾ ਕਪਤਾਨ ਕੌਣ ਸੀ?

ਪ੍ਰਸ਼ਨ 13) ਲਛਮਣ ਦੀ ਮੂਰਛਾ ਦੂਰ ਕਰਨ ਲਈ ਕਿਸ ਬੂਟੀ ਦਾ ਇਸਤੇਮਾਲ ਕੀਤਾ ਗਿਆ ਸੀ?

ਪ੍ਰਸ਼ਨ 14) ਹਿਟਲਰ ਕਿਸ ਦੇਸ਼ ਦਾ ਤਾਨਾਸ਼ਾਹ ਸ਼ਾਸਕ ਸੀ?

ਪ੍ਰਸ਼ਨ 15) ਭਾਰਤੀ ਰੇਲ 'ਰੇਲਨੀਰ' ਦੇ ਨਾਂ ਤੋਂ ਕਿਹੜਾ ਪਦਾਰਥ ਉਪਲਬਦ ਕਰਵਾਉਂਦਾ ਹੈ?

(ਸਹੀ ਉੱਤਰ ਕਿਸੇ ਹੋਰ ਪੰਨੇ ਤੇ ਵੇਖੋ)



# ਕਿੱਟੀ

ਚਿੱਤਰਕਾਰ ਅਤੇ ਲੇਖਕ - **ਅਜੈ ਕਾਲੜਾ**




ਨਹੀਂ, ਨਹੀਂ ਅੱਜ ਮੈਂ ਕੋਈ ਸ਼ਰਾਰਤ ਨਹੀਂ ਕਰਾਂਗੀ। ਚਿੰਟੂ ਨੂੰ ਵੀ ਨਹੀਂ ਸਤਾਵਾਂਗੀ। ਉਂਝ ਵੀ ਚਿੰਟੂ ਤਾਂ ਆ ਹੀ ਨਹੀਂ ਰਿਹਾ।
ਮੋਟੂ ਵੀ ਨਹੀਂ ਹੈ। ਚਲੋ ਅਸੀਂ ਦੋਵੇਂ ਹੀ ਚਲਦੇ ਹਾਂ।
ਮੋਲੀ ਧਿਆਨ ਨਾਲ ਸੁਣੋ, ਕੁਝ ਅਜਿਹੀਆਂ ਆਵਾਜ਼ਾਂ ਆ ਰਹੀਆਂ ਹਨ ਜਿਵੇਂ ਕੋਈ ਮੁਸੀਬਤ ਵਿੱਚ ਹੈ।


ਉਧਰ ਚਲ ਕੇ ਵੇਖਦੇ ਹਾਂ ਕੁਝ ਨਾ ਕੁਝ ਗੜਬੜ ਤਾਂ ਹੈ। ਅਰੇ, ਉਹ ਵੇਖੋ। ਕਬੂਤਰ ਜਾਲ ਵਿੱਚ ਫਸੇ ਹਨ।
ਅਰੇ, ਹੁਣ ਕੀ ਕਰਾਂਗੇ, ਅੱਜ ਤਾਂ ਚਿੰਟੂ, ਮੋਟੂ ਵੀ ਨਹੀਂ ਹਨ। ਉਹ ਤਾਂ ਇਸ ਜਾਲ ਨੂੰ ਮਿੰਟਾਂ ਵਿੱਚ ਕੱਟ ਦਿੰਦੇ।
ਕਿੱਟੀ, ਮੈਂ ਸ਼ਿਕਾਰੀ ਦਾ ਧਿਆਨ ਰੱਖਦੀ ਹਾਂ, ਤੂੰ ਜਲਦੀ ਨਾਲ ਚਿੰਟੂ ਨੂੰ ਲੈ ਆ ਜਾਲ ਕੱਟਣ ਲਈ।


ਚਿੰਟੂ, ਚਿੰਟੂ ਛੇਤੀ ਚੱਲ, ਤੂੰ ਜਾਲ ਕੱਟਣਾ ਹੈ।
ਕਿੱਟੀ, ਅੱਜ ਮੈਂ ਤੇਰੀਆਂ ਗੱਲਾਂ ਵਿੱਚ ਨਹੀਂ ਆਵਾਂਗਾ।
ਚਿੰਟੂ ਮੈਂ ਝੂਠ ਨਹੀ ਬੋਲ ਰਹੀ, ਤੂੰ ਮੇਰੀ ਪਿੱਠ ਤੇ ਬੈਠ ਅਤੇ ਫਟਾਫਟ ਚਲ।
ਵਾਹ। ਕਿੱਟੀ ਅੱਜ ਤਾਂ ਤੂੰ ਸਚਮੁੱਚ ਬਹੁਤ ਚੰਗਾ ਕੰਮ ਕੀਤਾ। ਅੱਜ ਸਾਨੂੰ ਸਾਰਿਆਂ ਨੂੰ ਤੇਰੇ ਤੇ ਮਾਣ ਹੋ ਰਿਹਾ ਹੈ।

ਪ੍ਰੇਰਕ-ਪ੍ਰਸੰਗ : ਰਾਧੇਲਾਲ 'ਨਵਚਕਰ'

# ਚੰਪਾ ਦਾ ਬਲੀਦਾਨ

ਇਕ ਛੋਟਾ ਜਿਹਾ ਪਰਿਵਾਰ। ਅਰਾਵਲੀ ਪਰਬਤ ਦੀਆਂ ਗੁਫਾਵਾਂ। ਭੁੱਖ-ਪਿਆਸ ਅਤੇ ਭਟਕਣ ਦੀਆਂ ਬੇਹੱਦ ਯਾਤਰਾਵਾਂ।

ਸਮੇਂ ਨੇ ਮੋੜ ਲਿਆ ਸੀ। ਹਾਲਾਤਾਂ ਨੇ ਪਾਸਾ ਮੋੜਿਆ ਸੀ। ਮਹਿਲਾਂ ਵਿੱਚ ਰਹਿਣ ਵਾਲਿਆਂ ਨੂੰ ਵੀ ਇਹ ਦਿਨ ਵੇਖਣਾ ਪਏਗਾ, ਕਿਸੇ ਨੂੰ ਕੀ ਅੰਦਾਜਾ ਸੀ।

ਚੰਪਾ! ਇਹੀ ਨਾਮ ਸੀ ਉਸਦਾ। ਉਮਰ ਇਹੀ ਕੋਈ ਦਸ-ਗਿਆਰਾਂ ਸਾਲ ਦੀ ਰਹੀ ਹੋਵੇਗੀ। ਚੰਪਾ ਅਤੇ ਉਸਦੇ ਪਰਿਵਾਰ ਦੇ ਲੋਕ ਤਿੰਨ ਦਿਨਾਂ ਤੋਂ ਭੁੱਖੇ ਸਨ। ਅੱਜ ਕਿਸੇ ਤਰ੍ਹਾਂ ਘਾਹ-ਪੱਤੇ ਦੀਆਂ ਕੁਝ ਰੋਟੀਆਂ ਬਣੀਆਂ ਸੀ ਪਰ ਸਮੇਂ ਨੇ ਸਾਥ ਨਹੀਂ ਦਿੱਤਾ। ਨਾ ਜਾਣੇ ਕਦ ਤੋਂ ਇਕ ਜੰਗਲੀ ਬਿੱਲੀ ਘਾਤ ਲਗਾਈ ਬੈਠੀ ਸੀ। ਮੌਕਾ ਪਾ ਕੇ ਉਹ ਸਾਰੀਆਂ ਰੋਟੀਆਂ ਚੁਪਚਾਪ ਖਾ ਕੇ ਚਲੀ ਗਈ।

ਪਿਤਾ ਦਾ ਦਿਲ ਕਰੁਣਾ ਨਾਲ ਭਰ ਆਇਆ। ਅੱਖਾਂ ਤੋਂ ਹੰਝੂ ਟਪਕ ਪਏ। ਸੋਚਣ ਲੱਗੇ; ਬੱਚੀ ਨੂੰ ਅੱਜ ਘਾਹ-ਪੱਤੇ ਦੀਆਂ ਰੋਟੀਆਂ ਵੀ ਨਸੀਬ ਨਹੀਂ। ਹਾਹਾਕਾਰ ਕਰ ਉਠਿਆ ਬਾਪ ਦਾ ਕੋਮਲ ਹਿਰਦਾ।

ਭੁਲਾ ਦਿੱਤਾ ਉਹਨਾਂ ਨੇ ਆਜ਼ਾਦੀ ਦਾ ਮਹੱਤਵ। ਆਪਣੇ ਲਈ ਨਹੀਂ, ਨੰਨੀ ਬੱਚੀ ਦੀ ਭੁੱਖ ਦੀ ਪੀੜਾ ਅਤੇ ਛਟਪਟਾਹਟ ਨੂੰ ਮਹਿਸੂਸ ਕਰਕੇ। ਲਿਖਣ ਬੈਠ ਗਿਆ ਪੱਤਰ ਅਕਬਰ ਨੂੰ, ਗੁਲਾਮੀ ਸਵੀਕਾਰ ਕਰਨ ਲਈ।

ਭੁੱਖੀ ਚੰਪਾ ਨੇ ਇਹ ਗੱਲ ਜਾਣ ਲਈ। ਉਹ ਕੋਈ ਸਧਾਰਣ ਨਹੀਂ; ਵੀਰ ਬਾਪ ਦੀ ਬਹਾਦੁਰ ਬੇਟੀ ਸੀ। ਖੁਦਾਰੀ ਭਰੇ ਸ਼ਬਦਾਂ ਵਿੱਚ ਉਹ ਅਗੇ ਵੱਧ ਕੇ ਪਿਤਾ ਦੀ ਕਲਮ ਰੋਕਦੇ ਹੋਏ ਬੋਲੀ – ''ਪਿਤਾ ਜੀ! ਅਜ਼ਾਦੀ, ਇਸ ਸਮੇਂ ਤਿਆਗ ਅਤੇ ਬਲੀਦਾਨ ਚਾਹੁੰਦੀ ਹੈ। ਸਾਨੂੰ ਉਸ ਤੋਂ ਘਬਰਾਉਣਾ ਨਹੀਂ ਚਾਹੀਦਾ। ਦੇਸ਼ ਅਤੇ ਜਾਤੀ ਦੇ ਮਾਣ ਦੀ ਰੱਖਿਆ ਲਈ ਅਗਰ ਸਾਨੂੰ ਮਰਨਾ ਵੀ ਪਿਆ ਤਾਂ ਵੀ ਅਸੀਂ ਪਿਛੇ ਨਹੀਂ ਹੱਟਾਂਗੇ। ਸਿਰ ਕਟੇਗਾ, ਝੁਕੇਗਾ ਨਹੀਂ। ਆਪ ਨੇ ਕਿਸੇ ਵੀ ਹਾਲ ਵਿੱਚ ਅਕਬਰ ਦੀ ਗੁਲਾਮੀ ਸਵੀਕਾਰ ਨਹੀਂ ਕਰਨੀ, ਨਾ ਹੀ ਕਰਨੀ ਚਾਹੀਦੀ ਹੈ।''

ਚੰਪਾ ਦੀ ਤੇਜਸਵੀ ਗੱਲ ਨੇ ਪਿਤਾ ਦੀ ਸੁੱਤੀ ਹੋਈ ਖੁਦਾਰੀ ਨੂੰ ਫਿਰ ਤੋਂ ਜਗਾ ਦਿਤਾ। ਉਹਨਾਂ ਨੇ ਉਸੇ ਵੇਲੇ ਬੱਚੀ ਨੂੰ ਪਿਆਰ ਨਾਲ ਗੋਦ ਵਿੱਚ ਲੈ ਲਿਆ। ਕਈ ਦਿਨਾਂ ਦੀ ਭੁੱਖੀ ਚੰਪਾ ਪਿਤਾ ਦੀ ਗੋਦ ਵਿੱਚ ਆਰਾਮ ਨਾਲ ਅਜਿਹੀ ਨੀਂਦ ਸੁੱਤੀ ਕਿ ਫਿਰ ਕਦੇ ਉਠੀ ਹੀ ਨਹੀਂ।

ਫਿਰ ਨਵੇਂ ਜੋਸ਼ ਨਾਲ, ਪੂਰੇ ਹੋਸ਼-ਓ-ਹਵਾਸ ਅਤੇ ਫੁਰਤੀ ਨਾਲ ਮਹਾਰਾਣਾ ਪ੍ਰਤਾਪ, ਅਕਬਰ ਨਾਲ ਲੜਦੇ ਰਹੇ ਪਰ ਕਦੇ ਉਸਦੀ ਗੁਲਾਮੀ ਸਵੀਕਾਰ ਨਹੀਂ ਕੀਤੀ। ਆਪਣੀ ਖੁਦਾਰੀ ਅਤੇ ਆਤਮ-ਸਨਮਾਨ ਨੂੰ ਫਿਰ ਪ੍ਰਾਪਤ ਕੀਤਾ।

ਧੰਨ ਹੈ ਭਾਰਤ – ਸਾਡਾ ਦੇਸ਼। ਇਥੋਂ ਦੀ ਮਿੱਟੀ। ਇਸ ਮਿੱਟੀ ਵਿੱਚ ਜੰਮੀਆਂ ਬਹਾਦਰ ਬੇਟੀਆਂ।





ਪੱਛਮੀ ਬੰਗਾਲ ਵਿਚ ਨੀਲ ਦੀ ਖੇਤੀ ਕੀਤੀ ਜਾਂਦੀ ਹੈ। ਇਹ ਇੰਡਿਗੋਫੇਰੀ ਨਾਂ ਦੇ ਪੌਦੇ ਤੋਂ ਮਿਲਦੀ ਹੈ। ਨੀਲ ਦੇ ਪੌਦੇ ਵਿਚ ਗੁਲਾਬੀ ਰੰਗ ਦਾ ਫੁੱਲ ਹੁੰਦਾ ਹੈ।ਨੀਲ ਨੂੰ ਪੌਦਿਆਂ ਦੀ ਡਾਲੀ ਫੁੱਲਾਂ ਅਤੇ ਪੱਤਿਆਂ ਵਿਚੋਂ ਕੱਢਿਆ ਜਾਂਦਾ ਹੈ।

ਨੀਲ ਬਣਾਉਣ ਲਈ ਵੱਡੇ ਵੱਡੇ ਪਾਣੀ ਦੇ ਹੌਜ਼ਿਆਂ ਵਿਚ ਪੌਦਿਆਂ ਨੂੰ ਡੁਬੋ ਕੇ ਰਖਿਆ ਜਾਂਦਾ ਹੈ। ਇਸ ਤਰ੍ਹਾਂ ਨੀਲਾ ਰੰਗ ਤਿਆਰ ਹੋ ਜਾਂਦਾ ਹੈ।

❒ ਗੁਰਦੇਵ ਸਿੰਘ

# ਰੰਗਾਂ ਦਾ ਰੋਚਕ ਇਤਿਹਾਸ

1856 ਵਿਚ ਇੰਗਲੈਂਡ ਦੇ ਰੌਯਲ ਕਾਲੇਜ ਦਾ ਇਕ ਵਿਦਿਆਰਥੀ ਏਚ.ਪਾਰਕਿਨ, ਏਨਿਲੀਨ ਤੋਂ ਕੁਨੈਨ ਬਣਾ ਰਿਹਾ ਸੀ। ਪਰੰਤੂ ਉਹ ਕੁਨੈਨ ਬਣਾ ਨਹੀਂ ਪਾਇਆ ਅਤੇ ਨੀਲਾ ਜਿਹਾ ਰੰਗ ਪਰਪਲ ਬਣ ਗਿਆ। ਇਥੋਂ ਹੀ ਰੰਗਾਂ ਨੂੰ ਬਣਾਉਣ ਦਾ ਸਿਲਸਿਲਾ ਸ਼ੁਰੂ ਹੋ ਗਿਆ। 1860 ਵਿਚ ਮੈਜੈਂਟਾ 1862 ਵਿਚ ਏਨਿਲੀਨ ਬਲਿਊ ਅਤੇ ਬਲੈਕ 1865 ਵਿਚ ਬਿਸਮਾਈ ਬ੍ਰਾਊਨ 1876 ਵਿਚ ਮਿਥਾਈਲੀਨ ਬਲਯੂ 1878 ਵਿਚ ਮੈਲੇਕਾਈਟ ਗ੍ਰੀਨ, 1887 ਵਿਚ ਏਸਿਡ ਮੈਜੈਂਟਾ ਅਤੇ 1880ਵਿਚ ਕਾਟਲ ਬਲੈਕ ਆਦਿ ਰੰਗਾਂ ਦਾ ਨਿਰਮਾਣ ਕੀਤਾ ਗਿਆ ਹੈ। ਰੰਗਾਂ ਦੇ ਨਿਰਮਾਣ ਵਿਚ ਸੀਸਾ, ਪੋਟੈਸ਼ੀਅਮ ਡਾਈਕ੍ਰੋਮੇਟ, ਬੋਰਿਕ ਐਸਿਡ, ਕਾਸਟਿਕ ਸੋਡਾ, ਬਲੀਚਿੰਗ ਪਾਊਡਰ, ਜ਼ਿੰਕ ਆਕਸਾਈਡ, ਆਕਜ਼ੇਲਿਕ ਐਸਿਡ ਅਤੇ ਕਈ ਹੋਰ ਰਸਾਇਣਿਕ ਤਤਾਂ ਦਾ ਮਿਸ਼ਰਣ ਵੀ ਉਪਯੋਗ ਕੀਤਾ ਜਾਂਦਾ ਹੈ।

## ਰੁੱਖ ਅਤੇ ਪੌਦਿਆਂ ਨਾਲ ਬਣਨ ਵਾਲੇ ਰੰਗ

ਪਲਾਸ਼ ਅਤੇ ਕੇਸਰ ਦੇ ਫੁੱਲਾਂ ਨਾਲ ਕੇਸਰੀਆਂ ਰੰਗ ਬਣਾਇਆ ਜਾਂਦਾ ਹੈ। ਉਤਰ ਪ੍ਰਦੇਸ਼, ਬਿਹਾਰ,

## ਕੀੜਿਆਂ ਨਾਲ ਬਣਨ ਵਾਲੇ ਰੰਗ

ਲਾਖ ਦੇ ਕੀੜਿਆਂ ਨਾਲ ਲਾਲ ਮਹਾਵਰ ਰੰਗ ਬਣਾਏ ਜਾਂਦੇ ਹਨ। ਇਹਨਾਂ ਕੀੜਿਆਂ ਵਿਚ ਲੋਕੇਇਕ ਅਮਲ ਪਾਇਆ ਜਾਂਦਾ ਹੈ। ਇਸ ਅਮਲ ਦੇ ਨਾਲ ਸ਼ਾਰ ਦੀ ਰਸਾਇਣਿਕ ਕਿਰਿਆ ਦੇ ਫਲਸਵਰੂਪ ਲਾਲ ਰੰਗ ਬਣਦਾ ਹੈ।ਸਮੁੰਦਰੀ ਘੋਂਘੇ ਨਾਲ ਟਾਯਰਿਨ ਬੈਂਗਨੀ ਰੰਗ ਬਣਾਇਆ ਜਾਂਦਾ ਹੈ।

ਇਸ ਘੋਂਘੇ ਤੋਂ ਨਿਕਲਣ ਵਾਲਾ ਦ੍ਰਵ ਗਾੜ੍ਹਾ ਸਫੇਦ ਹੁੰਦਾ ਹੈ। ਇਹ ਸੂਰਜ ਦੇ ਪ੍ਰਕਾਸ਼ ਵਿਚ ਹਰਾ ਅਤੇ ਨੀਲਾ ਪੈ ਜਾਂਦਾ ਹੈ। ਇਸੇ ਗਾੜੇ ਪਦਾਰਥ ਵਿਚ ਖੋਰ ਮਿਲ ਜਾਣ ਤੇ ਬੈਂਗਨੀ ਰੰਗ ਬਣਦਾ ਹੈ। ■



ਬਾਲ ਕਵਿਤਾ - ਪ੍ਰਿਤਪਾਲ ਸਾਦਿਕ

# ਬਾਲ ਨਿਆਣੇ

ਕਿੰਨੇ ਸੋਹਣੇ, ਬਾਲ ਨਿਆਣੇ,
ਬੀਬੇ ਰਾਣੇ, ਬੜੇ ਸਿਆਣੇ।
ਕਲੀਆਂ ਤੋਂ ਵੱਧ ਕੋਮਲ ਲੱਗਦੇ,
ਰੋਸ਼ਨੀਆਂ ਦੇ ਦੀਵੇ ਜਗਦੇ।
ਫੁੱਲਾਂ ਵਾਂਗੂੰ ਖਿੜਦੇ ਰਹਿੰਦੇ,
ਆਪ ਮੁਹਾਰੇ ਦਿਲ ਦੀ ਕਹਿੰਦੇ।
ਆਲੀ-ਭੋਲੀ ਬੋਲੀ ਬੋਲਣ,
ਸੱਚੇ-ਸੁੱਚੇ, ਕੁਫਰ ਨਾ ਤੋਲਣ।

ਤੋਤਲੀਆਂ ਨੇ ਕਰਦੇ ਗੱਲਾਂ,
ਛੋਟੀ ਉਮਰੇ ਮਾਰਨ ਮੱਲਾਂ।
ਮਿੱਟੀ ਅੰਦਰ ਮਿੱਟੀ ਹੁੰਦੇ,
ਕਦੇ ਨਾ ਹੁੰਦੇ ਅੰਦਰੋਂ ਗੰਦੇ।
ਮਸਤ ਮਲੰਗੀ, ਬੇਪ੍ਰਵਾਹੀ,
ਰੋਕ ਨਾ ਸਕੇ, ਕੋਈ ਰਾਹੀ।
ਜਦ ਵੀ ਮਾਪੇ ਚੋਰੀ ਝਾਕਣ,
ਲਾਲ ਜਵਾਹਰ ਹੀਰੇ ਜਾਪਣ।

ਬਹੁ ਵੱਡਮੁੱਲੀ ਸਾਵੀ ਜ਼ਿੰਦਗੀ,
ਖੇਡ ਸਦਾ ਹੀ ਸਮਝਣ ਬੰਦਗੀ।
ਖੋਟਾ-ਖਰਾ ਨਾ ਮੂਲ ਪਛਾਣ,
ਵੱਡੇ ਹੋ ਕੇ ਬਣਨ ਮਹਾਨ।
ਮਾਪਿਆਂ ਦੀ ਹਨ ਬੱਚੇ ਲੱਠ,
ਉਮਰੋਂ ਵੀਹ ਜਾਂ ਹੋਵਣ ਸੱਠ।
ਮਾਪੇ ਕਰਦੇ ਸਦਾ ਦੁਆਵਾਂ,
'ਢਿੱਲੋਂ' ਲੱਗਣ ਨਾ ਤੱਤੀਆਂ ਵਾਵਾਂ



# ਕੀ ਤੁਸੀਂ ਜਾਣਦੇ ਹੋ ?



- ਭਾਲੂ ਦੇ ਪੈਰ ਵਿੱਚ ਜਦੋਂ ਦਰਦ ਹੁੰਦਾ ਹੈ ਤਾਂ ਉਹ ਸ਼ਹਿਦ ਖਾ ਕੇ ਆਪਣਾ ਦਰਦ ਦੂਰ ਕਰਦਾ ਹੈ।
- ਜੰਗਲੀ ਸੂਰ ਦਾ ਜਦੋਂ ਸਿਰ ਦਰਦ ਹੁੰਦਾ ਹੈ ਤਾਂ ਉਹ ਠੰਡੇ ਪਾਣੀ ਵਿੱਚ ਜਾ ਕੇ ਬੈਠ ਜਾਂਦਾ ਹੈ।
- ਅਸਮਾਨੀ ਪੰਛੀਆਂ ਨੂੰ ਜਦੋਂ ਚੱਕਰ ਆਉਣ ਲੱਗਦੇ ਹਨ ਤਾਂ ਕਿਸੇ ਰੁੱਖ ਤੇ ਬੈਠ ਕੇ ਉਸ ਦੇ ਪੱਤੇ ਸੁੰਘਣਾ ਸ਼ੁਰੂ ਕਰ ਦਿੰਦੇ ਹਨ।
- ਜਿਰਾਫ ਦੀ ਉਮਰ 15 ਤੋਂ 20 ਸਾਲ ਤਕ ਹੁੰਦੀ ਹੈ।
- 21 ਮਾਰਚ ਅਤੇ 23 ਸਤੰਬਰ ਨੂੰ ਪੂਰੇ ਸੰਸਾਰ ਵਿੱਚ ਦਿਨ ਅਤੇ ਰਾਤ ਬਰਾਬਰ ਹੁੰਦੇ ਹਨ।
- ਪ੍ਰਿਥਵੀ ਦਾ 71 ਫੀਸਦੀ ਹਿੱਸਾ ਪਾਣੀ ਅਤੇ 29 ਫੀਸਦੀ ਹਿੱਸਾ ਜ਼ਮੀਨ ਹੈ।
- ਕੀੜੀਆਂ ਬੁੱਢੀਆਂ ਹੋਣ ਤਕ ਵੀ ਕੰਮ ਕਰਦੀਆਂ ਰਹਿੰਦੀਆਂ ਹਨ।
- ਵਿਗਿਆਨੀ ਜੁਗਨੂੰ ਦੇ ਇਕ ਚਮਕਣ ਵਾਲੇ ਪ੍ਰੋਟੀਨ ਦੀ ਵਰਤੋਂ ਕੈਂਸਰ ਅਤੇ ਹੋਰ ਖਤਰਨਾਕ ਬਿਮਾਰੀਆਂ ਦੇ ਇਲਾਜ 'ਚ ਵੀ ਕਰ ਰਹੇ ਹਨ।
- ਸੰਸਾਰ ਵਿਚ ਮੈਨਾ ਦੀਆਂ ਤਕਰੀਬਨ ਵੀਹ ਵੱਖ-ਵੱਖ ਪਰਜਾਤੀਆਂ ਮਿਲਦੀਆਂ ਹਨ।
- ਬਿੱਛੂ ਦਾ ਸਰੀਰ ਲਗਭਗ 3 ਤੋਂ 8 ਸੈਂਟੀਮੀਟਰ ਲੰਬਾ ਹੁੰਦਾ ਹੈ।
- ਬਿੱਛੂ ਦੇ ਜ਼ਹਿਰ ਨਾਲ ਕਈ ਤਰ੍ਹਾਂ ਦੀਆਂ ਦਵਾਈਆਂ ਵੀ ਬਣਾਈਆਂ ਜਾਂਦੀਆਂ ਹਨ।
- ਜੁਗਨੂੰ ਜੀਵ ਦੀਆਂ ਲਗਭਗ ਦੋ ਹਜ਼ਾਰ ਜਾਤੀਆਂ ਹਨ।
- ਪੂਰੀ ਧਰਤੀ 12 ਟੈਕਟੋਨਿਕ ਪਲੇਟਾਂ ਉਤੇ ਟਿਕੀ ਹੋਈ ਹੈ।
- ਗੂਗਲ ਦਾ ਅਰਥ ਇਕ ਤੋਂ ਬਾਅਦ 100 ਜੀਰੋ ਲਾਉਣ ਵਾਲੇ ਅੰਕ ਨਾਲ ਹੈ।
- 27 ਜੂਨ 1967 ਨੂੰ ਪਹਿਲੀ ਏ.ਟੀ. ਐਮ ਮਸ਼ੀਨ ਲੰਦਨ ਵਿੱਚ ਲਗਾਈ ਗਈ।
- 1968 ਵਿੱਚ ਹਿੰਦ ਮਹਾਂਸਾਗਰ 'ਚ ਸਥਿਤ ਦੀਪ ਦੇਸ਼ ਮਾਲਦੀਵ ਗਣਰਾਜ ਬਣਿਆ।
- ਪੋਲੈਂਡ ਨੇ 1918 ਵਿੱਚ ਅਜ਼ਾਦੀ ਦਾ ਐਲਾਨ ਕੀਤਾ।

ਸੰਗ੍ਰਹਿਕਰਤਾ - ਜਗਤਾਰ 'ਨਿਰੰਕਾਰੀ'



ਸ਼੍ਰੀਮਤੀ ਅਤੀਆ ਪਰਵੀਨ

# ਉਸ ਵਰਗਾ ਕੋਈ ਨਹੀਂ

ਪਿਆਰੇ ਬੱਚਿਓ ! ਇਹ ਤਾਂ ਤੁਸੀਂ ਜਾਣਦੇ ਹੋ ਕਿ ਸੁਲਤਾਨ ਮਹਿਮੂਦ ਗਜ਼ਨਵੀ ਦਾ ਇਕ ਦਾਸ ਸੀ ਅਯਾਜ਼। ਉਹ ਬਹੁਤ ਸਿਆਣਾ ਅਤੇ ਆਪਣੇ ਬਾਦਸ਼ਾਹ ਦਾ ਵਫਾਦਾਰ ਸੀ। ਸੁਲਤਾਨ ਮਹਿਮੂਦ ਆਪਣੇ ਦਾਸ ਅਯਾਜ਼ ਨਾਲ ਬਹੁਤ ਪ੍ਰੇਮ ਕਰਦਾ ਸੀ। ਉਸ ਨੂੰ ਹਰ ਵੇਲੇ ਆਪਣੇ ਨਾਲ ਰੱਖਦਾ ਸੀ। ਦੂਜੇ ਸਾਰੇ ਦਰਬਾਰੀ ਅਯਾਜ਼ ਤੋਂ ਸੜਦੇ ਸਨ ਅਤੇ ਆਪਸ ਵਿਚ ਉਸ ਦੀਆਂ ਬੁਰਾਈਆਂ ਕਰਦੇ ਰਹਿੰਦੇ ਸਨ। ਉਹਨਾਂ ਨੂੰ ਇਹ ਗੱਲ ਸਮਝ ਨਹੀਂ ਆਉਂਦੀ ਸੀ ਕਿ ਆਖਰ ਅਯਾਜ਼ ਵਿਚ ਕਿਹੜੀ ਚੰਗਿਆਈ ਹੈ ਜੋ ਬਾਦਸ਼ਾਹ ਨੂੰ ਅਯਾਜ਼ ਨਾਲ ਐਨੀ ਨੇੜਤਾ ਬਣਾਈ ਰੱਖਣ ਲਈ ਮਜਬੂਰ ਕਰਦੀ ਹੈ। ਇਸ ਤੋਂ ਇਲਾਵਾ ਹੋਰ ਕਿਸੇ ਵਿਚ ਇਹ ਚੰਗਿਆਈ ਕਿਉਂ ਨਹੀਂ ਦਿਸਦੀ ਬਾਦਸ਼ਾਹ ਨੂੰ।

ਇਕ ਦਿਨ ਇਕ ਕਰਮਚਾਰੀ ਨੇ ਹਿੰਮਤ ਕਰਕੇ ਬਾਦਸ਼ਾਹ ਨੂੰ ਇਹ ਗੱਲ ਪੁੱਛ ਹੀ ਲਈ, - ਹਜ਼ੂਰ ਆਖਰ ਅਯਾਜ਼ ਵਿਚ ਕਿਹੜੀ ਸਿਫਤ ਹੈ, ਜੋ ਦੂਜਿਆਂ ਵਿਚ ਨਹੀਂ ਅਤੇ ਹਜ਼ੂਰ ਉਸ ਨੂੰ ਏਨਾ ਪਸੰਦ ਕਿਉਂ ਕਰਦੇ ਹੋ?

ਸੁਲਤਾਨ ਇਹ ਸੁਣ ਕੇ ਮੁਸਕੁਰਾਇਆ ਅਤੇ ਬੋਲਿਆ, ਠੀਕ ਹੈ ਤੁਹਾਨੂੰ ਹੁਣ ਪਤਾ ਲੱਗ ਜਾਵੇਗਾ ਕਿ ਅਯਾਜ਼ ਵਿਚ ਕਿਹੜੀ ਸਿਫਤ ਹੈ, ਜਿਸ ਕਰਕੇ ਮੈਂ ਉਸ ਨੂੰ ਏਨਾ ਪਸੰਦ ਕਰਦਾ ਹਾਂ।'

ਸਾਰੇ ਦਰਬਾਰੀ ਹੈਰਾਨ ਸਨ ਕਿ ਸੁਲਤਾਨ ਕੀ ਕਰਨਾਂ ਚਾਹੁੰਦੇ ਹਨ, ਕੀ ਦਿਖਾਉਣਾ ਚਾਹੁੰਦੇ ਹਨ? ਅਯਾਜ਼ ਉਸ ਸਮੇਂ ਦਰਬਾਰ ਵਿਚ ਹਾਜ਼ਰ ਨਹੀਂ ਸੀ। ਸੁਲਤਾਨ ਨੇ ਇਕ ਕਰਮਚਾਰੀ ਨੂੰ ਭੇਜ ਕੇ ਖਜ਼ਾਨੇ ਵਿਚੋਂ ਬਹੁਤ ਕੀਮਤੀ ਅਤੇ ਸੋਹਣਾ ਮੋਤੀ ਮੰਗਵਾਇਆ ਅਤੇ ਮੋਤੀ ਦੇ ਨਾਲ ਇਕ ਹਥੌੜਾ ਲਿਆਉਣ ਦਾ ਹੁਕਮ ਵੀ ਦਿੱਤਾ। ਜਦ ਮੋਤੀ ਅਤੇ ਹਥੌੜਾ ਦੋਨੋਂ ਚੀਜਾਂ ਆ ਗਈਆਂ ਤਾਂ ਸੁਲਤਾਨ ਨੇ ਮੋਤੀ ਚੁਕ ਕੇ ਸਾਰੇ ਲੋਕਾਂ ਨੂੰ ਵਿਖਾਇਆ। ਮੋਤੀ ਦੀ ਚਮਕ ਨਾਲ ਲੋਕਾਂ ਦੀਆਂ ਅੱਖਾਂ ਚੁੰਧਿਆ ਗਈਆਂ ਅਤੇ ਸਭ ਮੋਤੀ ਦੀ ਤਾਰੀਫ ਕਰਨ ਲਗ ਪਏ।

ਹੁਣ ਸੁਲਤਾਨ ਮਹਿਮੂਦ ਨੇ ਆਪਣੇ ਇਕ ਮੰਤਰੀ ਤੋਂ ਪੁਛਿਆ, ਇਸ ਦਾ ਮੁੱਲ ਕਿੰਨਾ ਹੋਵੇਗਾ? ਮੰਤਰੀ ਨੇ ਕਿਹਾ, ਸੁਲਤਾਨ ਸਾਹਿਬ, ਇਹ ਬਹੁਤ ਹੀ ਕੀਮਤੀ ਮੋਤੀ ਹੈ। ਮੇਰੇ ਅੰਦਾਜ਼ੇ ਅਨੁਸਾਰ ਇਸ ਦੀ ਕੀਮਤ ਇਕ ਲੱਖ ਰੁਪਏ ਤੋਂ ਘੱਟ ਨਹੀਂ ਹੋ ਸਕਦੀ।'

ਠੀਕ ਹੈ ਇਕ ਹਥੌੜਾ ਲੈ ਅਤੇ ਇਸ ਮੋਤੀ ਤੇ ਮਾਰ ਕੇ ਇਸ ਨੂੰ ਤੋੜ ਦੇ।' ਇਹ ਸੁਣ ਕੇ ਮੰਤਰੀ ਹੈਰਾਨ ਰਹਿ ਗਿਆ ਅਤੇ ਕੰਬਦੀ ਆਵਾਜ਼ ਵਿਚ ਬੋਲਿਆ - ਸੁਲਤਾਨ ਦਾ ਰੁਤਬਾ ਉੱਚਾ ਹੋਵੇ, ਮੈ



ਐਨੇ ਕੀਮਤੀ ਮੋਤੀ ਨੂੰ ਹਥੌੜਾ ਨਹੀਂ ਮਾਰ ਸਕਦਾ। ਮੇਰੇ ਹੱਥ ਕੰਬ ਜਾਣਗੇ। ਸੁਲਤਾਨ ਨੇ ਜ਼ੋਰਦਾਰ ਆਵਾਜ਼ ਵਿਚ ਕਿਹਾ, ਮੇਰਾ ਹੁਕਮ ਮੰਨ ਅਤੇ ਇਸ ਮੋਤੀ ਨੂੰ ਤੋੜ ਦੇ।'

ਇਹ ਸੁਣ ਕੇ ਮੰਤਰੀ ਨੇ ਹੱਥ ਜੋੜ ਕੇ ਬੇਨਤੀ ਕੀਤੀ, 'ਪਿਆਰੇ ਸੁਲਤਾਨ ਜੀ, ਮੇਰੇ ਵਿਚ ਐਨੀ ਹਿੰਮਤ ਨਹੀਂ ਹੈ ਕਿ ਮੈਂ ਇਸ ਮੋਤੀ ਨੂੰ ਤੋੜ ਦੇਵਾਂ, ਸੁਲਤਾਨ ਨੇ ਮੁਸਕੁਰਾ ਕੇ ਉਸ ਨੂੰ ਬੈਠ ਜਾਣ ਲਈ ਕਿਹਾ, ਅਤੇ ਦੂਜੇ ਮੰਤਰੀ ਨੂੰ ਆਖਿਆ, ਲੈ ਹੁਣ ਤੂੰ ਉਠ ਅਤੇ ਇਸ ਮੋਤੀ ਨੂੰ ਤੋੜ ਦੇ । ਇਹ ਸੁਣ ਕੇ ਉਸ ਮੰਤਰੀ ਨੇ ਵੀ ਮਨਾ ਕਰ ਦਿੱਤਾ ਅਤੇ ਕਿਹਾ – ਸਰਕਾਰ ਮੇਰੀ ਮਜਾਲ ਨਹੀਂ , ਜੋ ਮੈਂ ਇਸ ਮੋਤੀ ਨੂੰ ਤੋੜ ਦਿਆਂ।

ਸੁਲਤਾਨ ਨੇ ਉਸ ਨੂੰ ਬੈਠ ਜਾਣ ਦਾ ਇਸ਼ਾਰਾ ਕੀਤਾ ਅਤੇ ਤੀਜੇ ਮੰਤਰੀ ਨੂੰ ਸੱਦਿਆ। ਉਸ ਨੇ ਵੀ ਮੋਤੀ ਤੋੜਨ ਤੋਂ ਇਨਕਾਰ ਕਰ ਦਿੱਤਾ। ਸੁਲਤਾਨ ਹੋਰ ਲੋਕਾਂ ਨੂੰ ਬੁਲਾਉਂਦਾ ਰਿਹਾ। ਉਨ੍ਹਾਂ ਨੂੰ ਮੋਤੀ ਤੋੜਨ ਲਈ ਆਖਦਾ ਰਿਹਾ। ਜਦ ਸਾਰਿਆਂ ਨੇ ਮੋਤੀ ਤੋੜਨ ਤੋਂ ਇਨਕਾਰ ਕਰ ਦਿਤਾ ਤਾਂ ਸੁਲਤਾਨ ਨੇ ਅਯਾਜ਼ ਨੂੰ ਬੁਲਾਉਣ ਦਾ ਹੁਕਮ ਦਿੱਤਾ। ਹੁਕਮ ਮਿਲਦੇ ਹੀ ਅਯਾਜ਼ ਦਰਬਾਰ ਵਿਚ ਹਾਜ਼ਰ ਹੋ ਗਿਆ। ਸੁਲਤਾਨ ਨੇ ਉਸ ਨੂੰ ਪੁੱਛਿਆ – ਅਯਾਜ਼ ਇਸ ਮੋਤੀ ਦੀ ਕੀਮਤ ਕਿੰਨੀ ਹੋਵੇਗੀ? ਅਯਾਜ਼ ਨੇ ਹੱਥ ਜੋੜ ਕੇ ਆਖਿਆ, ਇਸ ਮੋਤੀ ਦੀ ਕੀਮਤ ਲੱਖਾਂ ਰੁਪਏ ਹੋਵੇਗੀ। ਇਹ ਇਕ ਅਨਮੋਲ ਮੋਤੀ ਹੈ। ਸੁਲਤਾਨ ਮਹਿਮੂਦ ਨੇ ਹਥੌੜਾ ਚੁੱਕ ਕੇ ਅਯਾਜ਼ ਦੇ ਹੱਥਾਂ ਵਿਚ ਦਿੰਦੇ ਹੋਏ ਆਖਿਆ, ਲੈ, ਇਸ ਮੋਤੀ ਨੂੰ ਤੋੜ ਦੇ।

ਅਯਾਜ਼ ਨੇ ਹਥੌੜੇ ਦੇ ਇਕ ਵਾਰ ਨਾਲ ਹੀ ਮੋਤੀ ਦੇ ਕਈ ਟੁਕੜੇ ਕਰ ਦਿੱਤੇ। ਸਾਰੇ ਦਰਬਾਰੀ ਹੈਰਾਨ ਰਹਿ ਗਏ। ਚਾਰੇ ਪਾਸੇ ਹਾਹਾਕਾਰ ਮਚ ਗਈ। ਦਰਬਾਰੀ ਕਹਿਣ ਲੱਗੇ, ਅਯਾਜ਼ ਇਹ ਤੂੰ ਕੀ ਕੀਤਾ? ਏਨਾ ਕੀਮਤੀ ਮੋਤੀ ਤੋੜ ਦਿੱਤਾ। ਇਹ ਸੁਣ ਕੇ ਅਯਾਜ਼ ਨੇ ਬੜੇ ਠਰੰਮੇ ਨਾਲ ਉਤਰ ਦਿੱਤਾ – ਤੁਸੀਂ ਸਾਰੇ ਲੋਕ ਬਹੁਤ ਘੱਟ ਅਕਲ ਦੇ ਮਾਲਕ ਹੋ। ਤੁਸੀ ਸੁਲਤਾਨ ਦਾ ਹੁਕਮ ਨਾ ਮੰਨ ਕੇ ਮਾੜੀ ਹਰਕਤ ਕੀਤੀ ਹੈ। ਮੈ ਆਪਣਾ ਫਰਜ਼ ਨਿਭਾਇਆ ਹੈ। ਮੈਂ ਆਪਣੇ ਮਾਲਕ ਦਾ ਹੁਕਮ ਮੰਨਿਆ ਹੈ। ਮੇਰੇ ਲਈ ਮੇਰੇ ਮਾਲਕ ਦਾ ਹੁਕਮ ਮੋਤੀ ਨਾਲੋਂ ਜ਼ਿਆਦਾ ਕੀਮਤੀ ਹੈ। ਮੈ ਤਾਂ ਸਿਰਫ ਇਹ ਮੋਤੀ ਤੋੜਿਆ ਹੈ ਤੁਸੀਂ ਤਾ ਆਪਣੇ ਬਾਦਸ਼ਾਹ ਦਾ ਹੁਕਮ ਤੋੜਿਆ ਹੈ। ਦਿਲ ਤੋੜਿਆ ਹੈ। ਇਸ ਤਰ੍ਹਾਂ ਦੇ ਹਜ਼ਾਰ ਮੋਤੀ ਵੀ ਜੇਕਰ ਮੇਰੇ ਸਾਹਮਣੇ ਆ ਜਾਣ ਅਤੇ ਸੁਲਤਾਨ ਹੁਕਮ ਦੇ ਦੇਵੇ ਤਾਂ ਮੈ ਉਨ੍ਹਾ ਨੂੰ ਤੋੜ ਕੇ ਸੁਲਤਾਨ ਤੋਂ ਵਾਰ ਦਿਆਂ।

ਸੁਲਤਾਨ ਮਹਿਮੂਦ ਨੇ ਬਹੁਤ ਮਾਣ ਅਤੇ ਖੁਸ਼ੀ ਨਾਲ ਆਖਿਆ – ਵੇਖ ਲਿਆ ਜੇ ! ਇਹੀ ਚੰਗਿਆਈ ਹੈ ਅਯਾਜ਼ ਵਿਚ, ਜਿਹੜੀ ਤੁਹਾਡੇ ਵਿਚ ਨਹੀਂ ਹੈ।



ਸੰਗ੍ਰਹਿਕਰਤਾ : ਵਿਦਿਆ ਪ੍ਰਕਾਸ਼

# ਸਾਡੇ ਰਾਸ਼ਟਰੀ ਪ੍ਰਤੀਕ










































❒ ਅਮਰਜੀਤ

# ਇਕ ਸਾਹਸੀ ਜੰਗਲੀ ਜੀਵ : ਭਾਲੂ

ਜ਼ਮੀਨ ਤੇ ਵਿਚਰਨ ਕਰਨ ਵਾਲੇ ਮਾਸਾਹਾਰੀ ਜੀਵਾਂ ਵਿੱਚੋਂ ਭਾਲੂ ਸਭ ਤੋਂ ਵੱਡਾ ਜੀਵ ਹੈ। ਵਿਸ਼ਵ ਵਿੱਚ ਇਸ ਦੀਆਂ ਸੱਤ ਪ੍ਰਜਾਤੀਆਂ ਪਾਈਆਂ ਜਾਂਦੀਆਂ ਹਨ। ਇਹ ਹਨ– ਉਤਰੀ ਅਮਰੀਕਾ ਦਾ ਕਾਲਾ ਭਾਲੂ, ਦੱਖਣੀ ਅਮਰੀਕਾ ਦਾ ਸਪੇਲਟੇ-ਫੀਲਡ ਭਾਲੂ, ਏਸ਼ੀਆ ਦਾ ਕਾਲਾ ਭਾਲੂ, ਧਰੁਵ ਪ੍ਰਦੇਸ਼ ਦਾ ਧਰੁਵੀ ਭਾਲੂ, ਸਨ ਭਾਲੂ, ਸਲੋਥ ਭਾਲੂ ਅਤੇ ਭੂਰਾ ਭਾਲੂ। ਭੂਰੇ ਭਾਲੂ ਦੀਆਂ ਅਨੇਕ ਉਪਜਾਤੀਆਂ ਹਨ। ਭੂਰੇ ਭਾਲੂ ਦੀਆਂ ਉਪਜਾਤੀਆਂ ਵਿੱਚ ਅਲਾਸਕਾ ਦਾ ਕੋਡਿਆਕ ਭਾਲੂ ਅਤੇ ਰਾਕੀ ਪਰਬਤ ਦੇ ਜੰਗਲਾਂ ਵਿੱਚ ਪਾਇਆ ਜਾਣ ਵਾਲਾ ਗ੍ਰਿਜਲੀ ਭਾਲੂ ਸਭ ਤੋਂ ਵਧ ਪ੍ਰਸਿੱਧ ਹੈ। ਕੋਡਿਆਕ ਭਾਲੂ ਜ਼ਮੀਨ ਤੇ ਵਿਚਰਨ ਕਰਨ ਵਾਲਾ ਵਿਸ਼ਵ ਦਾ ਸਭ ਤੋਂ ਵੱਡਾ ਮਾਸਾਹਾਰੀ ਜੀਵ ਹੈ। ਕੋਡਿਆਕ ਭਾਲੂ ਦੀ ਲੰਬਾਈ 2.75 ਮੀਟਰ ਤਕ ਅਤੇ ਵਜਨ ਅੱਠ ਸੌ ਕਿਲੋਗ੍ਰਾਮ ਤੱਕ ਹੁੰਦਾ ਹੈ। ਕੋਡਿਆਕ ਭਾਲੂ ਐਨਾ ਸ਼ਕਤੀਸ਼ਾਲੀ ਹੁੰਦਾ ਹੈ ਕਿ ਇਸਦੇ ਇਕ ਹੀ ਵਾਰ ਨਾਲ ਜੰਗਲੀ ਭੈਂਸਾ ਦਮ ਤੋੜ ਦਿੰਦਾ ਹੈ।

ਭਾਰਤ ਵਿੱਚ ਪਾਏ ਜਾਣ ਵਾਲੇ ਭਾਲੂ ਨੂੰ ਸਲੋਥ ਭਾਲੂ ਕਹਿੰਦੇ ਹਨ। ਇਹ ਏਸ਼ੀਆ ਅਤੇ ਵਿਸ਼ਵ ਦੇ ਬਾਕੀ ਭਾਲੂਆਂ ਤੋਂ ਕਾਫੀ ਭਿੰਨ ਹੁੰਦਾ ਹੈ। ਭਾਰਤੀ ਭਾਲੂ ਹਿਮਾਚਲ ਤੇ ਪਾਏ ਜਾਣ ਵਾਲੇ ਕਾਲੇ ਭਾਲੂ ਤੋਂ ਆਕਾਰ ਵਿੱਚ ਕੁਝ ਛੋਟਾ ਹੁੰਦਾ ਹੈ। ਇਸਦੀ ਲੰਬਾਈ 1.25 ਮੀਟਰ ਤੋਂ 1.75 ਮੀਟਰ ਤਕ, ਉਚਾਈ ਲਗਭਗ 80 ਸੈਂਟੀਮੀਟਰ ਅਤੇ ਵਜਨ 125 ਤੋਂ 145 ਕਿਲੋਗ੍ਰਾਮ ਤਕ ਹੁੰਦਾ ਹੈ। ਭਾਰਤੀ ਭਾਲੂ ਦੇ ਵਾਲ ਕਾਲੇ, ਲੰਮੇ ਅਤੇ ਕਰੜੇ ਹੁੰਦੇ ਹਨ ਅਤੇ ਇਸਦੀ ਛਾਤੀ ਤੇ ਸਫੈਦ ਰੰਗ ਦਾ ਇਕ ਨਿਸ਼ਾਨ ਹੁੰਦਾ ਹੈ। ਭਾਰਤੀ ਭਾਲੂ ਦੇ ਅਗਲੇ ਪੈਰ ਅਤੇ ਪੰਜੇ ਕਾਫੀ ਲੰਮੇ ਅਤੇ ਸ਼ਕਤੀਸ਼ਾਲੀ ਹੁੰਦੇ ਹਨ। ਇਸਦੇ ਕੰਨ ਅਤੇ ਅੱਖਾਂ ਛੋਟੀਆਂ ਹੁੰਦੀਆਂ ਹਨ।

ਭਾਰਤੀ ਭਾਲੂ ਨੂੰ ਮਾਸਾਹਾਰੀ ਜੀਵਾਂ ਦੀ ਸ਼੍ਰੇਣੀ ਵਿੱਚ ਰੱਖਿਆ ਗਿਆ ਹੈ, ਪ੍ਰੰਤੂ ਇਹ ਬਾਕੀ ਹਿੰਸਕ ਪਸ਼ੂਆਂ ਦੇ ਸਮਾਨ ਮਾਸਾਹਾਰੀ ਨਹੀਂ ਹੈ। ਭਾਲੂ ਨੂੰ ਅਗਰ ਛੇੜਿਆ ਨਾ ਜਾਏ ਤਾਂ ਇਹ ਕਦੇ ਵੀ ਮਾਨਵ ਤੇ ਵਾਰ ਨਹੀਂ ਕਰਦਾ। ਇਹ ਕ੍ਰੋਧਿਤ ਹੋਣ ਤੇ ਜਾਂ ਛੇੜਨ ਤੇ ਹੀ ਭਿਆਨਕ ਰੂਪ ਧਾਰਣ ਕਰਦਾ ਹੈ। ਭਾਲੂ ਮੌਕਾ ਪੈਣ ਤੇ ਸ਼ੇਰ ਤਕ ਦਾ ਸਾਹਮਣਾ ਕਰਦਾ ਹੈ।

ਭਾਲੂ ਇਕ ਬੁੱਧੀਮਾਨ ਜੀਵ ਹੈ। ਇਹਨੂੰ ਚਿੜੀਆਘਰ ਅਤੇ ਸਰਕਸ ਵਿੱਚ ਸਰਲਤਾ ਨਾਲ ਰੱਖਿਆ ਜਾ ਸਕਦਾ ਹੈ ਅਤੇ ਪਾਲਤੂ ਬਣਾਇਆ ਜਾ ਸਕਦਾ ਹੈ। ਭਾਰਤ ਦੀ ਕਲੰਦਰ ਜਨਜਾਤੀ ਦੇ ਲੋਕ ਇਹਨੂੰ ਪਾਲਦੇ ਹਨ ਅਤੇ ਇਹਨੂੰ ਵਿਭਿੰਨ ਪ੍ਰਕਾਰ ਦੇ ਕਰਤੱਬ ਸਿਖਾ ਕੇ ਉਹਨਾਂ ਦਾ ਪ੍ਰਦਰਸ਼ਨ ਕਰਦੇ ਹਨ ਅਤੇ ਆਪਣਾ ਰੁਜ਼ਗਾਰ ਚਲਾਉਂਦੇ ਹਨ।

ਇਹ ਇਕ ਦੁੱਖ ਦੀ ਗੱਲ ਹੈ ਕਿ ਵੀਹਵੀਂ ਸਦੀ ਵਿੱਚ ਭਾਰਤ ਹੀ ਨਹੀ ਸੰਪੂਰਨ ਵਿਸ਼ਵ ਵਿੱਚ ਭਾਲੂਆਂ ਦੀ ਗਿਣਤੀ ਵਿੱਚ ਘਾਟ ਆਈ ਹੈ। ਇਸਦਾ ਮੁੱਖ ਕਾਰਣ ਸ਼ਿਕਾਰ ਹੈ।

ਭਾਲੂਆਂ ਦੀ ਘੱਟਦੀ ਹੋਈ ਗਿਣਤੀ ਨੂੰ ਵੇਖਦੇ ਹੋਏ ਵਿਸ਼ਵ ਦੇ ਅਨੇਕ ਦੇਸ਼ਾਂ ਦੀਆਂ ਸਰਕਾਰਾਂ ਨੇ ਇਹਨਾਂ ਦੇ ਸ਼ਿਕਾਰ ਤੇ ਪ੍ਰਤੀਬੰਧ ਲਗਾ ਦਿੱਤਾ ਹੈ ਅਤੇ ਇਹਨਾਂ ਦੀ ਗਿਣਤੀ ਵਧਾਉਣ ਦੇ ਯਤਨ ਆਰੰਭ ਕੀਤੇ ਹਨ। ਇਸਦੇ ਸਿੱਟੇ ਵਜੋਂ ਆਸ਼ਾ ਕੀਤੀ ਜਾਂਦੀ ਹੈ ਕਿ ਇਹ ਅਦਭੁਤ ਪ੍ਰਾਣੀ ਖ਼ਤਮ ਹੋਣ ਤੋਂ ਬਚ ਜਾਏਗਾ।

ਲੋਕ ਕਥਾ : ਸ਼ਿਵਨਰਾਇਣ ਸਿੰਘ

# ਉਹ ਮੂਰਖ ਰਹਿ ਗਿਆ



ਜੰਗਲ ਵਿੱਚ ਸਕੂਲ ਖੁਲ੍ਹ ਜਾਣ ਨਾਲ ਹਰ ਪਾਸੇ ਖੁਸ਼ੀ ਦੀ ਲਹਿਰ ਜਿਹੀ ਦੌੜ ਗਈ। ਹਰ ਕੋਈ ਕਹਿਣ ਲੱਗਾ ਕਿ ਹੁਣ ਜੰਗਲ ਵਿੱਚ ਕੋਈ ਅਨਪੜ੍ਹ ਨਹੀਂ ਰਹਿ ਸਕੇਗਾ। ਹਰ ਕੋਈ ਪੜ੍ਹ-ਲਿਖ ਕੇ ਗਿਆਨੀ ਬਣ ਜਾਏਗਾ। ਹਰ ਪੰਛੀ ਦੇ ਮਨ ਵਿੱਚ ਨਵੀਆਂ ਆਸ਼ਾਵਾਂ ਦਾ ਸੰਚਾਰ ਹੋਣ ਲੱਗਾ। ਜੰਗਲ ਵਿੱਚ ਗਿਆਨ ਦੀ ਜੋਤੀ ਜਗਾਉਣ ਲਈ ਗੁਰੂ ਜੀ ਆ ਗਏ ਸਨ। ਉਹ ਹਰ ਕਿਸੇ ਨੂੰ ਬਹੁਤ ਹੀ ਪਿਆਰ ਨਾਲ ਪੜ੍ਹਾ ਰਹੇ ਸਨ। ਉਹ ਨਿਯਮ ਦੇ ਬੜੇ ਪੱਕੇ ਸਨ। ਸਕੂਲ ਵਿੱਚ ਹਰ ਕਿਸੇ ਪੰਛੀ ਦਾ ਵਕਤ ਸਿਰ ਪਹੁੰਚਣਾ ਜ਼ਰੂਰੀ ਸੀ।

ਜੰਗਲ ਦਾ ਹਰ ਪੰਛੀ ਸਵੇਰੇ ਨਦੀ ਦੇ ਜਲ ਵਿੱਚ ਨਹਾ-ਧੋ ਕੇ ਕਿਤਾਬਾਂ ਸੰਭਾਲ ਕੇ ਨਿਯਤ ਸਮੇਂ ਤੇ ਜੰਗਲ ਦੇ ਸਕੂਲ ਵਿੱਚ ਗੁਰੂ ਜੀ ਤੋਂ ਸਬਕ ਸਿੱਖਣ ਲਈ ਜਾ ਪਹੁੰਚਦਾ। ਹਰ ਪੰਛੀ ਗੁਰੂ ਜੀ ਦਾ ਬੜਾ ਆਦਰ ਕਰਦਾ ਸੀ। ਗੁਰੂ ਜੀ ਅਨੁਸਾਸ਼ਨ ਨੂੰ ਬੜਾ ਮਹੱਤਵ ਦਿੰਦੇ ਸਨ। ਉਹਨਾਂ ਦਾ ਕਹਿਣਾ ਸੀ ਕਿ ਵਿਦਿਆ ਦੇ ਪ੍ਰਤੀ ਲਗਨ ਅਤੇ ਦ੍ਰਿੜ ਨਿਸ਼ਚਾ ਹੋਣਾ ਚਾਹੀਦਾ ਹੈ ਤਦੇ ਵਿਦਿਆ ਪ੍ਰਾਪਤ ਹੋ ਸਕਦੀ ਹੈ। ਗੁਰੂ ਦੇ ਪ੍ਰਤੀ ਸ਼ਰਧਾਭਾਵ ਹੋਣਾ ਜ਼ਰੂਰੀ ਹੈ।

ਮੈਨਾ ਗੁਰੂ ਜੀ ਤੋਂ ਸਬਕ ਸਿਖ ਕੇ ਘਰ ਵਿੱਚ ਦੁਹਰਾਉਣ ਲੱਗੀ ਸੀ। ਉਹ ਹੁਣ ਮਿਠਾ ਗਾ ਸਕਦੀ ਸੀ। ਨਿੰਮ ਦੀਆਂ ਨਿਮੋਲੀਆਂ ਖਾਣ ਵਾਲਾ ਕਾਂ ਤਕ ਗੁਰੂ ਜੀ ਤੋਂ ਕੁਝ ਨਾ ਕੁਝ ਸਬਕ ਸਿੱਖ ਚੁੱਕਾ ਸੀ। ਹਰਿਅਲ ਤੋਤਾ ਤਾਂ ਗੁਰੂ ਜੀ ਤੋਂ ਕਈ ਸ਼ਬਦ ਸਿਖ ਕੇ ਜੰਗਲ ਵਿੱਚ ਨਾਮ ਰੋਸ਼ਨ ਕਰ ਰਿਹਾ ਸੀ। ਬੁਲਬੁਲ ਵੀ ਗੁਰੂ ਜੀ ਤੋਂ ਬਹੁਤ ਕੁਝ ਸਿਖ ਕੇ ਮਿਠਾ ਗਾਉਣ ਲੱਗੀ ਸੀ। ਕੋਇਲ ਗੁਰੂ ਜੀ ਦੀਆਂ ਗੱਲਾਂ ਬੜਾ ਮਨ ਲਗਾ ਕੇ ਸੁਣਦੀ ਸੀ। ਉਹ ਨਦੀ ਤਟ ਤੇ ਜਾ ਕੇ ਗੁਰੂ ਜੀ ਦੁਆਰਾ ਪੜ੍ਹਾਈਆਂ ਗੱਲਾਂ ਯਾਦ ਕਰਦੀ-ਫਿਰਦੀ। ਉਹ ਸੰਗੀਤ ਵਿਦਿਆ ਵਿੱਚ ਪਰਿਪੱਕ ਹੋ ਗਈ। ਉਸਦੇ 'ਕੁਹੂ-ਕੁਹੂ' ਦੇ ਬੋਲਾਂ ਨੇ ਜੰਗਲ ਵਿੱਚ ਧੁੰਮ ਮਚਾ ਦਿੱਤੀ ਸੀ। ਮੋਰ ਨੇ ਗੁਰੂ ਜੀ ਤੋਂ ਨ੍ਰਿਤ ਵਿਦਿਆ ਸਿੱਖ ਲਈ। ਉਸਦਾ ਮਨੋਹਾਰੀ ਨ੍ਰਿਤ ਵੇਖ ਕੇ ਹਰ ਕੋਈ ਹੈਰਾਨ ਜਿਹਾ ਰਹਿ ਜਾਂਦਾ ਪ੍ਰੰਤੂ ਇਕ ਪੰਛੀ ਅਜਿਹਾ ਸੀ ਜੋ ਹਰ ਵਕਤ ਗੁਰੂ ਜੀ ਦਾ ਮਜਾਕ ਉਡਾਉਣ ਅਤੇ ਪੰਛੀਆਂ ਨੂੰ ਚਿੜਾਉਣ ਵਿੱਚ ਹੀ

ਆਪਣੀ ਨਿਪੁੰਨਤਾ ਸਮਝਦਾ ਸੀ। ਉਹ ਸੀ ਉਲੂੱ। ਉਹ ਗੁਰੂ ਜੀ ਤੋਂ ਕੁਝ ਵੀ ਸਿਖ ਨਾ ਸਕਿਆ। ਉਹ ਅਨਪੜ ਰਹਿ ਗਿਆ। ਪੰਛੀਆਂ ਨੇ ਉਹਨੂੰ ਬਹੁਤ ਸਮਝਾਇਆ ਕਿ ਤੂੰ ਵੀ ਗੁਰੂ ਜੀ ਤੋਂ ਕੋਈ ਵਿਦਿਆ ਸਿਖ ਲੈ ਤਾਂਕਿ ਜਗ ਵਿੱਚ ਤੇਰਾ ਵੀ ਨਾਮ ਹੋ ਜਾਏ ਪਰ ਉਹਨੂੰ ਤਾਂ ਹਰ ਕਿਸੇ ਨੂੰ ਚਿੜਾਉਣ ਤੋਂ ਹੀ ਫੁਰਸਤ ਨਹੀ ਮਿਲਦੀ ਸੀ।

ਹਰ ਪੰਛੀ ਕੋਈ ਨਾ ਕੋਈ ਵਿਦਿਆ ਸਿਖ ਕੇ ਆਪਣੀ-ਆਪਣੀ ਵਿਦਿਆ ਵਿੱਚ ਪਰਿਪੱਕ ਹੋ ਗਿਆ ਸੀ। ਪਰ ਉਲੂੱ ਕੁਝ ਵੀ ਨਾ ਸਿੱਖ ਸਕਣ ਕਾਰਣ ਮੂਰਖ ਪੰਛੀ ਕਹਿਲਾਉਣ ਲੱਗਾ। ਇਕ ਮੂਰਖ ਪੰਛੀ ਨਾਲ ਕੋਈ ਵੀ ਗੱਲ ਕਰਨ ਨੂੰ ਤਿਆਰ ਨਹੀਂ ਸੀ। ਉਲੂੱ ਗੁਰੂ ਜੀ ਤੋਂ ਕੁਝ ਵੀ ਨਾ ਸਿਖ ਕੇ ਆਪਣਾ ਨੁਕਸਾਨ ਖੁਦ ਕਰ ਚੁੱਕਾ ਸੀ। ਉਹਨੂੰ ਸਮਝਦੇ ਦੇਰ ਨਾ ਲੱਗੀ ਕਿ ਇਕ ਅਨਪੜ ਦਾ ਪੜੇ-ਲਿਖਿਆਂ ਦੇ ਨਾਲ ਮਿਲ ਬੈਠਣਾ ਮੁਸ਼ਕਿਲ ਹੈ। ਕੋਈ ਵੀ ਪੰਛੀ ਉਸਦੇ ਨਾਲ ਉਠਣਾ-ਬੈਠਣਾ ਪਸੰਦ ਨਹੀਂ ਕਰ ਰਿਹਾ ਸੀ। ਉਹਨੂੰ ਲੱਗਣ ਲੱਗਾ ਕਿ ਜਿਵੇਂ ਉਹ ਸਾਰੇ ਪੰਛੀ-ਸਮਾਜ ਤੋਂ ਕਟ ਕੇ ਵੱਖਰਾ ਰਹਿ ਗਿਆ ਹੈ। ਉਹ ਜੰਗਲ ਵਿੱਚ ਆਪਣਾ ਮਾਨ-ਸਨਮਾਨ ਖੁਦ ਗਵਾ ਚੁੱਕਾ ਸੀ। ਗੁਰੂ ਜੀ ਦਾ ਅਨਾਦਰ ਕਰਨ ਦਾ ਨਤੀਜਾ ਇਹ ਹੋਇਆ ਕਿ ਉਹ ਮੂਰਖ ਰਹਿ ਗਿਆ। ਉਹਨੂੰ ਕਿਸੇ ਸਾਹਮਣੇ ਆਪਣੀ ਸੂਰਤ ਵਿਖਾਉਣ ਵਿੱਚ ਵੀ ਸ਼ਰਮ ਮਹਿਸੂਸ ਹੋ ਰਹੀ ਸੀ। ਉਸ ਨੇ ਸੋਚਿਆ ਕਿ ਹੁਣ ਇਹ ਜੰਗਲ ਮੇਰੇ ਵਰਗੇ ਮੂਰਖ ਦੇ ਰਹਿਣ ਲਾਇਕ ਨਹੀਂ ਰਹਿ ਗਿਆ।

ਹੁਣ ਉਹ ਜੰਗਲ ਤੋਂ ਦੂਰ ਇਕ ਪੁਰਾਣੇ ਖੰਡਰ ਵਿੱਚ ਜਾ ਕੇ ਰਹਿਣ ਲੱਗਾ। ਦਿਨ ਵਿੱਚ ਕਿਸੇ ਦੇ ਸਾਹਮਣੇ ਜਾਣ ਵਿੱਚ ਉਹ ਸ਼ਰਮ ਮਹਿਸੂਸ ਕਰਦਾ ਸੀ। ਉਹ ਹੁਣ ਸਿਰਫ ਰਾਤ ਦੇ ਹਨ੍ਹੇਰੇ ਵਿੱਚ ਹੀ ਬਾਹਰ ਨਿਕਲਣ ਲੱਗਾ। ਉਲੂੱ ਨੂੰ ਅੱਜ ਵੀ ਮੂਰਖ ਕਿਹਾ ਜਾਂਦਾ ਹੈ ਅਤੇ ਗਿਆਨ ਦੇ ਪ੍ਰਕਾਸ਼ ਤੋਂ ਦੂਰ ਰਹਿ ਜਾਣ ਕਾਰਣ ਸਿਰਫ ਰਾਤ ਵਿੱਚ ਹੀ ਘੁੰਮਣ ਲਈ ਨਿਕਲਦਾ ਹੈ। ਅੱਜ ਵੀ ਕਿਸੇ ਨੂੰ ਮੂਰਖ ਕਹਿਣ ਦੇ ਲਈ ਲੋਕ ਉਲੂੱ ਸ਼ਬਦ ਦਾ ਇਸਤੇਮਾਲ ਕਰਦੇ ਹਨ।


## Form-IV (See Rule - 8)

| | |
|---|---|
| 1. Place of Publication | Sant Nirankari Satsang Bhawan, Sant Nirankari Colony, Delhi- 110009 |
| 2. Periodicity of Publication | Monthly |
| 3. Printer's Name<br>(whether citizen of India)<br>Address | C.L. Gulati<br>Yes, Indian<br>Room No. 11 Gurbachan Niwas Sant Nirankari Mandal, Sant Nirankari Colony, Delhi-110009 |
| 4. Publisher's Name<br>(Whether Citizen of India)<br>Address | C.L. Gulati<br>Yes, Indian<br>Room No. 11 Gurbachan Niwas Sant Nirankari Mandal, Sant Nirankari Colony, Delhi-110009 |
| 5. Editor's Name<br>(Whether Citizen of India)<br>Address | Sulekh Saathi<br>Yes, Indian<br>2/60, 3rd Floor Sant Nirankari Colony, Delhi-110009 |
| 6. Name & Address of individuals, who own the newspaper and partners or share holders holding more than one percent of the total capital. | Sant Nirankari Mandal, Sant Nirankari Colony, Delhi-110009 |

I, C.L. Gulati, do hereby declare that the particulars given above are true to the best of my knowledge and belief.

Date : 1.3.2019

C.L. Gulati
Publisher

ਅਸ਼ੋਕ

# ਮੇਰੇ ਆਪਣੇ ਹੀ ਵੈਰੀ

ਮਾਪੇ ਚੋਰੀ-ਚੋਰੀ ਕਰਦੇ ਸਲਾਹ ਸੀ।
ਨੰਨੀ ਜਿੰਦ ਲਈ ਰੱਬ ਤਾਂ ਗਵਾਹ ਸੀ।
ਕਲੀ ਖਿੜਨ ਤੋਂ ਪਹਿਲਾ ਰਹੀ ਮੁਰਝਾ ਸੀ।
ਮੇਰੇ ਆਪਣੇ ਹੀ ਵੈਰੀ,
ਪਾਪ ਕਰਨੋਂ ਰਹੇ ਨਾ ਸ਼ਰਮਾ ਸੀ।

ਤੋਤਲੀ ਜ਼ੁਬਾਨ ਨਾਲ ਪਾਪਾ ਪਾਪਾ ਕਹਿਣਾ ਸੀ।
ਹਰ ਖੇਤਰ ਦੇ ਵਿੱਚ ਮੁੱਲ ਮੇਰਾ ਪੈਣਾ ਸੀ।
ਮੈਨੂੰ ਜੱਗ ਵੇਖਣ ਦਾ ਬੜਾ ਚਾਅ ਸੀ।
ਮੇਰੇ ਆਪਣੇ ਹੀ..........

ਸ਼ਰਮਨਾਕ ਫੈਸਲਾ ਤੁਸਾਂ ਨੇ ਲਿਆ ਕਰ।
ਪਾਪ ਵਾਲੀ ਸਜ਼ਾ ਤੋਂ ਵੀ ਨਾ ਲੱਗਿਆ ਡਰ।
ਸੰਜੋਏ ਸੁਪਨਿਆਂ ਨੂੰ ਦਿੱਤਾ ਜਲਾ ਸੀ
ਮੇਰੇ ਆਪਣੇ ਹੀ..........

ਖੈਰ ਕਰੀਂ ਰੱਬਾ ਏਥੇ ਚੱਲਣਾ ਨਾ ਜ਼ੋਰ।
ਕਮੀਨਿਆਂ ਦੇ ਅੱਗੇ ਅੱਜ ਪਈ ਕਮਜ਼ੋਰ।
ਦਿੱਤਾ ਬੇਦਰਦਾਂ ਛੁਰਾ ਚਲਵਾ ਸੀ।
ਮੇਰੇ ਆਪਣੇ ਹੀ............

ਹੱਥ ਜੋੜ ਅਸ਼ੋਕ ਕਰੇ ਅਰਜ਼ੋਈ।
ਪੇਟ ਵਿਚ ਧੀ ਕਤਲ ਹੋਵੇ ਨਾ ਕੋਈ।
ਬੇਰਹਿਮਾਂ ਨੂੰ ਰਿਹਾ ਸਮਝਾ ਸੀ।
ਮੇਰੇ ਆਪਣੇ ਹੀ........



ਪ੍ਰੇਰਕ-ਪ੍ਰਸੰਗ : ਜਗਦੀਸ਼ ਕੌਸ਼ਿਕ

# ਭਾਵਨਾ ਤੋਂ ਫਰਜ਼ ਉੱਚਾ



ਭਾਰਤ ਦੇ ਪਹਿਲੇ ਗ੍ਰਹਿਮੰਤਰੀ ਅਤੇ ਉਪਪ੍ਰਧਾਨ ਮੰਤਰੀ ਸਨ ਸਰਦਾਰ ਬਲਭਭਾਈ ਪਟੇਲ। ਉਹ ਪੇਸ਼ੇ ਤੋਂ ਵਕੀਲ ਸਨ। ਇਕ ਵਾਰ ਪਟੇਲ ਆਪਣੇ ਇਕ ਮੁਕੱਦਮੇ ਵਿੱਚ ਬਹਿਸ ਕਰ ਰਹੇ ਸਨ। ਮੁਕੱਦਮਾ ਬਹੁਤ ਸੰਗੀਨ ਸੀ। ਥੋੜੀ-ਜਿਹੀ ਵੀ ਅਸਾਵਧਾਨੀ ਅਗਰ ਬਹਿਸ ਕਰਨ ਵਿੱਚ ਹੋ ਜਾਂਦੀ ਤਾਂ ਉਹ ਕੇਸ ਹਾਰ ਸਕਦੇ ਸਨ। ਇਸ ਲਈ ਉਹ ਬੜੀ ਸਾਵਧਾਨੀ ਨਾਲ ਦੂਸਰੇ ਪੱਖ ਦੇ ਵਕੀਲ ਦੀਆਂ ਦਲੀਲਾਂ ਨੂੰ ਕੱਟ ਰਹੇ ਸਨ। ਮੁਕੱਦਮੇ ਨੂੰ ਜਿੱਤਣਾ ਉਹ ਆਪਣਾ ਫਰਜ਼ ਸਮਝ ਰਹੇ ਸਨ।

ਅਚਾਨਕ ਕੋਰਟ ਵਿੱਚ ਹੀ ਡਾਕੀਆ ਆਇਆ ਅਤੇ ਉਹਨਾਂ ਨੂੰ ਤਾਰ ਦਾ ਲਿਫਾਫਾ ਦੇ ਕੇ ਚਲਾ ਗਿਆ। ਪਟੇਲ ਜੀ ਨੇ ਬਹਿਸ ਕਰਦੇ-ਕਰਦੇ ਹੀ ਤਾਰ ਦੇ ਸ਼ਬਦਾਂ ਨੂੰ ਪੜਿਆ ਅਤੇ ਲਿਫਾਫਾ ਜੇਬ ਵਿੱਚ ਪਾ ਲਿਆ। ਬਹਿਸ ਸਮਾਪਤ ਹੋ ਗਈ। ਉਹ ਬਾਹਰ ਆਏ ਤਾਂ ਸਾਰੇ ਵਕੀਲਾਂ ਨੇ ਤਾਰ ਦੇ ਬਾਰੇ ਪੁੱਛਿਆ ਤਾਂ ਪਟੇਲ ਜੀ ਨੇ ਕੁਝ ਉਦਾਸ ਹੋ ਕੇ ਕਿਹਾ- ਮੇਰੀ ਧਰਮਪਤਨੀ ਦਾ ਸਵਰਗਵਾਸ ਹੋ ਗਿਆ ਹੈ। ਤਾਰ ਵਿੱਚ ਇਹੀ ਸੂਚਨਾ ਦਿੱਤੀ ਗਈ ਹੈ।



ਹਾਜ਼ਿਰ ਸਾਰੇ ਵਕੀਲ ਹੈਰਾਨ ਰਹਿ ਗਏ ਉਹਨਾਂ ਦੇ ਹੌਸਲੇ ਨੂੰ ਵੇਖ ਕੇ। ਕੁਝ ਨੇ ਕਿਹਾ- ਆਪ ਅਗਲੀ ਪੇਸ਼ੀ ਲੈ ਲੈਂਦੇ?

ਐਨਾ ਵੱਡਾ ਹਾਦਸਾ ਅਤੇ ਆਪ ਆਰਾਮ ਨਾਲ ਇੰਝ ਬਹਿਸ ਕਰਦੇ ਰਹੇ ਜਿਵੇਂ ਕੁਝ ਹੋਇਆ ਹੀ ਨਾ ਹੋਵੇ।

ਸਰਦਾਰ ਬਲਭਭਾਈ ਨੇ ਕਿਹਾ - ਮਿੱਤਰੋ! ਆਪ ਠੀਕ ਕਹਿ ਰਹੇ ਹੋ। ਹਾਦਸਾ ਕੋਈ ਮਾਮੂਲੀ ਨਹੀਂ, ਜੀਵਨ ਦਾ ਸਾਥੀ ਹਮੇਸ਼ਾ ਲਈ ਸਾਥ ਛੱਡ ਗਿਆ। ਮੈਨੂੰ ਤਰੀਖ ਲੈ ਲੈਣੀ ਚਾਹੀਦੀ ਸੀ ਪ੍ਰੰਤੂ ਜਰਾ ਸੋਚੋ ਉਸ ਵਿਚਾਰੇ ਦੇ ਕੇਸ ਦਾ ਕੀ ਬਣਦਾ ਜਿਸ ਤੋਂ ਮੈਂ ਫੀਸ ਲੈ ਰੱਖੀ ਹੈ। ਹੋ ਸਕਦਾ ਸੀ ਬਹਿਸ ਅਧੂਰੀ ਰਹਿਣ ਤੇ ਉਹਨੂੰ ਹਾਨੀ ਹੁੰਦੀ।

ਮਰਨ ਵਾਲੀ ਨੇ ਤਾਂ ਹੁਣ ਵਾਪਿਸ ਆਉਣਾ ਨਹੀਂ। ਮੈਂ ਭਾਵਨਾ ਵਿੱਚ ਵਹਿ ਕੇ ਆਪਣੇ ਫਰਜ਼ ਤੋਂ ਕਿਉਂ ਡਿਗਦਾ? ਮੇਰੀ ਨਜ਼ਰਾਂ ਵਿੱਚ ਫਰਜ਼ ਮਹਾਨ ਹੈ, ਭਾਵਨਾ ਤਾਂ ਅਸਥਾਈ ਹੁੰਦੀ ਹੈ। ਮੈਂ ਜੀਵਨ ਵਿੱਚ ਫਰਜ਼ ਨੂੰ ਮਹੱਤਵ ਦਿੰਦਾ ਹਾਂ, ਭਾਵਨਾ ਨੂੰ ਨਹੀਂ?

ਸਾਰੇ ਵਕੀਲ ਉਹਨਾਂ ਦੀ ਗੱਲ ਸੁਣ ਕੇ ਹੈਰਾਨ ਰਹਿ ਗਏ।

ਪਿਆਰੇ ਬੱਚਿਓ! ਅਸਲੀਅਤ ਵੀ ਇਹੀ ਹੈ। ਭਾਵਨਾ ਵਿੱਚ ਵਹਿ ਜਾਣ ਵਾਲੇ ਲੋਕ ਜੀਵਨ ਦੀਆਂ ਸਫਲਤਾਵਾਂ ਤੋਂ ਹੱਥ ਧੋ ਬੈਠਦੇ ਹਨ। ■

❒ ਤਿਲਕ ਰਾਜ ਰਾਜੂ

# ਰੁੱਖਾਂ ਵਾਲਾ ਵਿਹੜਾ

ਜਦ ਵੀ ਜਾਵਾਂ ਰੁੱਖਾਂ ਵਾਲੇ ਵਿਹੜੇ,
ਮਨ ਵਿੱਚ ਆ ਜਾਣ ਖੁਸ਼ੀਆਂ ਖੇੜੇ।

ਤਰ੍ਹਾਂ ਤਰ੍ਹਾਂ ਦੇ ਰੁੱਖ ਨੇ ਸਾਡੇ ਵਿਹੜੇ।
ਪੰਛੀਆਂ ਨੇ ਲਾਏ ਰੁੱਖਾਂ ਤੇ ਡੇਰੇ।
ਗਾਵਣ ਕੋਇਲਾਂ ਸੁਣ ਕੇ ਝੂੰਮਣ ਬਥੇਰੇ।
ਜਦ ਵੀ ਜਾਵਾਂ ਰੁੱਖਾਂ ਵਾਲੇ ਵਿਹੜੇ...


ਪਾਪਾ ਜੀ ਨੇ ਵਿਦਿਆ ਪੜ੍ਹਾਈ ਦਾ ਬੂਟਾ ਲਾਇਆ।
ਧਰਤੀ ਤੇ ਜਿਵੇਂ ਸਵਰਗ ਹੈ ਆਇਆ।
ਸੁਖ ਮਾਨਣਗੇ ਰੁੱਖ ਲਾਉਣਗੇ ਜਿਹੜੇ।
ਜਦ ਵੀ ਜਾਵਾਂ ਰੁੱਖਾਂ ਵਾਲੇ ਵਿਹੜੇ...

ਰੁੱਖਾਂ ਦੀ ਜੇ ਕਰੀਏ ਸੰਭਾਲ।
ਜੀਵਨ ਹੋ ਜਾਵੇਗਾ ਖੁਸ਼ਹਾਲ।
ਸਾਡੇ ਤੇ ਰੁੱਖਾਂ ਦੇ ਉਪਕਾਰ ਬਥੇਰੇ।
ਜਦ ਵੀ ਜਾਵਾਂ ਰੁੱਖਾਂ ਵਾਲੇ ਵਿਹੜੇ...

ਰੁੱਖਾਂ ਨਾਲ ਜਦ ਕਰਾਂ ਮੈਂ ਗੱਲਾਂ,
ਆਖਣ 'ਤਿਲਕ' ਸੀਨੇ ਆਪਣੇ ਧੁੱਪ ਝੱਲਾਂ।
ਮਾਣ ਕੇ ਛਾਂ ਸਾਨੂੰ ਕੱਟਦੇ ਖੁਦਗਰਜ ਨੇ ਜਿਹੜੇ।
ਜਦ ਵੀ ਜਾਵਾਂ ਰੁੱਖਾਂ ਵਾਲੇ ਵਿਹੜੇ ...



# ਰੰਗ ਭਰੋ




ਨਾਂ ............................................................................ ਉਮਰ..........

ਪੂਰਾ ਪਤਾ..........................................................................

..........................................................................................

..........................................................................................

# ਜਨਵਰੀ ਅੰਕ ਦੀ ਰੰਗ ਭਰੋ ਪ੍ਰਤਿਯੋਗਤਾ ਦਾ ਨਤੀਜਾ

**ਪਹਿਲਾ ਨੰ :**

ਰਵੀਨਾ ਕੁਮਾਰੀ (ਉਮਰ 14 ਸਾਲ)
ਹਾਊਸ ਨੰ: 6/270C
ਨਿਰੰਕਾਰੀ ਕਲੋਨੀ ਦਿੱਲੀ - 09

**ਦੂਸਰਾ ਨੰ :**

ਨਿਹਾਰਿਕਾ ਕੰਡਾ (ਉਮਰ 13 ਸਾਲ)
ਪਿੰਡ ਤੇ ਡਾਕਖਾਨਾ - ਤਲਵੰਡੀ ਭਾਈ
ਜ਼ਿਲਾ - ਫਿਰੋਜਪੁਰ (ਪੰਜਾਬ)

**ਤੀਸਰਾ ਨੰ :**

ਆਦਰਸ਼ (ਉਮਰ 8 ਸਾਲ)
ਪਿੰਡ - ਸੈਦਪੁਰ
ਡਾਕਖਾਨਾ - ਲਾਂਡਰਾ
ਜਿਲਾ - ਮੋਹਾਲੀ (ਪੰਜਾਬ)



## ਪਸੰਦ ਕੀਤੇ ਗਏ -

ਸਹਿਜਪ੍ਰੀਤ (ਅੰਮ੍ਰਿਤਸਰ),
ਗੁਰਪ੍ਰੀਤ (ਗਿੱਦੜਬਾਹਾ),
ਪ੍ਰੇਰਨਾ (ਬੇਦੀ ਨਗਰ),
ਕਿਰਨਦੀਪ (ਲੁਧਿਆਣਾ),
ਖੁਸ਼ਵੰਤ (ਬਰਨਾਲਾ),
ਵੰਸ਼ਿਕਾ, ਨਿਮਰਤਾ (ਬੁਢਲਾਡਾ),
ਜਸਨੂਰਪ੍ਰੀਤ (ਜਗਰਾਉਂ),
ਮੋਹਿਤ, ਨਿਤਿਨ ਕੰਡਾ (ਤਲਵੰਡੀ ਭਾਈ),
ਹੈਵਨ-ਸੁਮਨ (ਫਗਵਾੜਾ),
ਸੁਖਪ੍ਰੀਤ ਸਿੰਘ (ਮਾਨਸਾ),
ਸਿਮਰਨ ਕੌਰ (ਧਰਮਪੁਰਾ),
ਹਰਪ੍ਰੀਤ ਗੁਰਲਾਲ (ਹੀਰੋ ਖੁਰਦ),
ਏਕਤਾ (ਹਰੀਕੇ ਪਤਨ),
ਸਰਬਜੀਤ ਕੌਰ (ਜਗਰਾਉਂ),
ਅਨੰਨਿਆ ਗਰਗ (ਲਹਿਰਾਗਾਗਾ),
ਅਸ਼ਿਤ ਖੁਰਾਨਾ (ਜਲੰਧਰ),
ਗੁਰਲੀਨ ਕੌਰ (ਡੱਫਰ),
ਸੁਨੀਤਾ (ਨਵਾਂ ਸ਼ਹਿਰ),
ਸੁਦੀਕਸ਼ਾ (ਰੂਪ ਨਗਰ),
ਗੁਰਵਿੰਦਰ (ਜੀਰਾ), ਸ਼ੁਭਮ (ਪੁਰਹੀਰਾ),
ਤੇਜਲ ਅਰੋੜਾ (ਮੋਗਾ),
ਸ਼ਬਦ ਅਰੋੜਾ (ਕੋਟ ਈਸੇ ਖਾਂ)

## ਮਾਰਚ ਅੰਕ ਦੀ ਰੰਗ ਭਰੋ ਪ੍ਰਤਿਯੋਗਤਾ

ਪਿਛਲੇ ਸਫ਼ੇ ਤੇ ਇਕ ਚਿੱਤਰ ਦਿੱਤਾ ਗਿਆ ਹੈ। ਇਸ ਚਿੱਤਰ 'ਚ ਸੋਹਣੇ-ਸੋਹਣੇ ਰੰਗ ਭਰ ਕੇ **25 ਮਾਰਚ 2019** ਤਕ ਸੰਪਾਦਕ, 'ਹੰਸਤੀ ਦੁਨੀਆ', ਨਿਰੰਕਾਰੀ ਕੰਪਲੈਕਸ, ਸੰਤ ਨਿਰੰਕਾਰੀ ਕਾਲੋਨੀ, ਦਿੱਲੀ-9 ਦੇ ਦਫ਼ਤਰ ਚ ਭੇਜ ਦਿਉ।

ਨਤੀਜੇ ਦੀ ਘੋਸ਼ਣਾ 'ਹੰਸਤੀ ਦੁਨੀਆ' ਦੇ ਮਈ 2019 ਅੰਕ 'ਚ ਕੀਤੀ ਜਾਵੇਗੀ। ਚਿੱਤਰ ਦੇ ਹੇਠਾਂ ਆਪਣਾ ਨਾਂ ਅਤੇ ਪੂਰਾ ਪਤਾ ਸਾਫ਼-ਸਾਫ਼ ਜ਼ਰੂਰ ਲਿਖੋ।

15 ਸਾਲ ਦੀ ਉਮਰ ਤਕ ਦੇ ਬੱਚੇ ਹਿੱਸਾ ਲੈ ਸਕਦੇ ਹਨ।



❒ ਵਿਭਾ ਵਰਮਾ

# ਮੱਛੀ ਨਹੀਂ ਹੈ ਹਵੇਲ

**ਆਮਤੌਰ** ਤੇ ਲੋਕ ਹਵੇਲ ਨੂੰ ਮੱਛੀ ਮੰਨਦੇ ਹਨ ਜਦਕਿ ਜੀਵਵਿਗਿਆਨੀ ਇਹਨੂੰ ਮੱਛੀਆਂ ਦੀ ਸ੍ਰੇਣੀ ਵਿੱਚ ਨਹੀਂ ਰੱਖਦੇ ਹੋਏ ਥਣਧਾਰੀ ਪ੍ਰਾਣੀਆਂ ਦੀ ਸ੍ਰੇਣੀ ਵਿੱਚ ਰੱਖਦੇ ਹਨ। ਅਜਿਹਾ ਕਿਉਂ? ਆਉ ਵੇਖਦੇ ਹਾਂ।

ਇਸ ਵਿੱਚ ਕੋਈ ਸ਼ੱਕ ਨਹੀਂ ਕਿ ਹਵੇਲ ਇਕ ਸਮੁੰਦਰੀ ਜੀਵ ਹੈ, ਜੋ ਪਾਣੀ ਵਿੱਚ ਰਹਿੰਦੀ ਹੈ ਅਤੇ ਉਸਦੀ ਸ਼ਕਲ ਵੀ ਮੱਛੀ ਨਾਲ ਮਿਲਦੀ ਹੈ, ਪ੍ਰੰਤੂ ਕਈ ਮਾਮਲਿਆਂ ਵਿੱਚ ਇਹ ਮੱਛੀਆਂ ਤੋਂ ਭਿੰਨ ਹੈ। ਹਵੇਲ ਦੇ ਗਿਲਸ ਨਹੀਂ ਹੁੰਦੇ ਜਦਕਿ ਮੱਛੀਆਂ ਦੇ ਹੁੰਦੇ ਹਨ ਜਿਨ੍ਹਾਂ ਨਾਲ ਉਹ ਸਾਹ ਲੈਂਦੀਆਂ ਹਨ। ਹਵੇਲ ਦੇ ਗਿਲਸ ਦੀ ਬਜਾਏ ਸਾਡੀ ਤਰ੍ਹਾਂ ਫੇਫੜੇ ਹੁੰਦੇ ਹਨ ਅਤੇ ਉਹ ਫੇਫੜਿਆਂ ਨਾਲ ਸਾਹ ਲੈਂਦੀ ਹੈ। ਹਵੇਲ ਸਾਹ ਲੈਣ ਲਈ ਥੋੜੀ-ਥੋੜੀ ਦੇਰ ਵਿੱਚ ਪਾਣੀ ਤੋਂ ਉਪਰ ਆਪਣਾ ਸਿਰ ਲਿਆਉਂਦੀ ਹੈ। ਉਂਝ ਇਹ 45 ਮਿੰਟ ਬਿਨਾ ਸਾਹ ਲਏ ਪਾਣੀ ਵਿੱਚ ਰਹਿ ਸਕਦੀ ਹੈ।

ਬਾਕੀ ਮੱਛੀਆਂ ਅੰਡੇ ਦਿੰਦੀਆਂ ਹਨ ਪ੍ਰੰਤੂ ਹਵੇਲ ਸਿੱਧੇ ਬੱਚੇ ਪੈਦਾ ਕਰਦੀ ਹੈ। ਇਹੀ ਨਹੀਂ ਉਹਨਾਂ ਨੂੰ ਆਪਣਾ ਦੁੱਧ ਵੀ ਪਿਲਾਉਂਦੀ ਹੈ। ਹਵੇਲ ਦੇ ਇਲਾਵਾ ਬਾਕੀ ਕਿਸੇ ਹੋਰ ਮੱਛੀ ਦੇ ਥਣ ਨਹੀਂ ਹੁੰਦੇ। ਇਸਦੇ ਇਲਾਵਾ ਇਸ ਦੇ ਸਰੀਰ ਦੇ ਅੰਗ ਥਣਧਾਰੀਆਂ ਨਾਲ ਮਿਲਦੇ ਹਨ। ਕੁਝ ਹਵੇਲਾਂ ਦੇ ਦੰਦ ਹੁੰਦੇ ਹਨ ਅਤੇ ਕੁਝ ਵਿੱਚ ਦੰਦਾਂ ਦੀ ਥਾਂ ਤੇ ਹੱਡੀਆਂ ਦੀ ਪਲੇਟ ਹੁੰਦੀ ਹੈ।

ਹਵੇਲ ਦਾ ਵਿਕਾਸ ਡਾਇਨਾਸੋਰ ਤੋਂ ਹੋਇਆ ਮੰਨਿਆ ਜਾਂਦਾ ਹੈ। ਇਸਦਾ ਆਕਾਰ ਸਾਰੇ ਜੀਵ-ਜੰਤੂਆਂ ਵਿਚੋਂ ਸਭ ਤੋਂ ਵਿਸ਼ਾਲ ਹੈ। ਨੀਲੀ ਹਵੇਲ ਤਾਂ 30 ਮੀਟਰ ਲੰਮੀ ਅਤੇ 125 ਟਨ ਤਕ ਭਾਰੀ ਹੋ ਸਕਦੀ ਹੈ। ਇਸ ਦੀ ਜੀਭ ਹੀ ਢਾਈ ਟਨ ਦੀ ਹੁੰਦੀ ਹੈ। ਮਾਸਪੇਸ਼ੀਆਂ ਦਾ ਵਜਨ 50 ਟਨ ਅਤੇ ਹੱਡੀਆਂ ਦਾ ਵਜਨ 20 ਟਨ ਹੁੰਦਾ ਹੈ। ਇਸਦੀ ਪੂਛ 6 ਮੀਟਰ ਚੌੜੀ ਹੁੰਦੀ ਹੈ।

ਸੰਨ 1909 ਵਿੱਚ ਦੱਖਣ ਜਾਰਜੀਆ ਦੇ ਤਟ ਤੇ ਮਿਲੀ ਇਕ ਮਾਦਾ ਨੀਲੀ ਹਵੇਲ ਦੀ ਲੰਬਾਈ 33.58 ਮੀਟਰ ਸੀ। 20 ਮਾਰਚ 1947 ਨੂੰ ਦੱਖਣੀ ਸਮੁੰਦਰ ਵਿੱਚ 27.6 ਮੀਟਰ ਲੰਮੀ ਅਤੇ 187 ਟਨ ਦੀ ਹਵੇਲ ਪਕੜੀ ਗਈ ਸੀ। ਹਵੇਲ ਗਹਿਰਾ ਗੋਤਾ ਲਗਾਉਣ ਵਿੱਚ ਵੀ ਮਾਹਿਰ ਹੈ। ■

## ਸਧਾਰਣ ਗਿਆਨ ਪ੍ਰਸ਼ਨੋਤਰੀ ਦੇ ਉੱਤਰ

1) ਅਫਗਾਨੀ
2) ਜਰਮਨੀ
3) ਅੰਜਨੀ
4) ਲੁੰਬਿਨੀ
5) ਮਾਰਕੋਨੀ
6) ਭਵਾਨੀ
7) ਸਿਡਨੀ
8) ਰਾਨੀ
9) ਮ੍ਰਣਾਲਿਨੀ
10) ਕਾਲਾਪਾਨੀ
11) ਧੀਰੂਭਾਈ ਅੰਬਾਨੀ
12) ਮਹਿੰਦਰ ਸਿੰਘ ਧੋਨੀ
13) ਸੰਜੀਵਨੀ (ਬੂਟੀ)
14) ਜਰਮਨੀ
15) ਪਾਨੀ (ਪਾਣੀ)।



ਬਾਲ ਕਹਾਣੀ : ਵਿਪਿਨ ਕੁਮਾਰ

# ਕੀਤੇ ਦੀ ਸਜ਼ਾ

ਇਕ ਸੀ ਗੋਲੂ ਖਰਗੋਸ਼। ਉਹਨੂੰ ਆਪਣੀ ਸੁੰਦਰਤਾ ਤੇ ਬਹੁਤ ਘਮੰਡ ਸੀ। ਉਹ ਨਾ ਸਿਰਫ ਆਪਣੇ ਸਾਥੀਆਂ ਬਲਕਿ ਭਾਈ-ਭੈਣਾਂ ਦੇ ਅਗੇ ਵੀ ਸ਼ੇਖੀ ਮਾਰਦਾ ਰਹਿੰਦਾ – ਮੈਨੂੰ ਕਾਲੇ ਕਲੂਟੇ ਅਤੇ ਕਰੂਪ ਸੰਗੀ-ਸਾਥੀ ਚੰਗੇ ਨਹੀਂ ਲੱਗਦੇ।

ਇਕ ਦਿਨ ਨਿੱਕੀ ਬੱਕਰੀ ਦਾ ਉਸਨੇ ਅਜਿਹਾ ਅਪਮਾਨ ਕੀਤਾ ਕਿ ਉਹ ਦਿਨਭਰ ਰੋਂਦੀ ਰਹੀ। ਹੋਇਆ ਇਹ ਕਿ ਗੋਲੂ ਦੇ ਘਰ ਜਾ ਕੇ ਨਿੱਕੀ ਬੱਕਰੀ ਨੇ ਸ਼ਤਰੰਜ ਖੇਡਣ ਲਈ ਕਿਹਾ। ਇਹ ਸੁਣਦੇ ਹੀ ਗੋਲੂ ਨੇ ਕਿਹਾ – ਕਿਥੇ ਰੇਸ਼ਮ ਜਿਹੇ ਕੋਮਲ ਵਾਲਾਂ ਅਤੇ ਦੁੱਧ ਵਰਗੇ ਸਫੈਦ ਰੰਗ ਵਾਲਾ ਮੈਂ ਅਤੇ ਕਿਥੇ ਕਾਂ ਤੋਂ ਵੀ ਕਾਲੀ ਅਤੇ ਛਛੂੰਦਰ ਦੀ ਤਰ੍ਹਾਂ ਬਦਬੂ ਫੈਲਾਉਣ ਵਾਲੀ ਤੂੰ। ਮੇਰਾ-ਤੇਰਾ ਜੋੜ ਕਾਹਦਾ? ਕਾਹਦੀ ਦੋਸਤੀ? ਜਾਓ, ਭੱਜੋ ਇਥੋਂ.......।

ਵਿਚਾਰੀ ਨਿੱਕੀ ਬੱਕਰੀ ਰੋਂਦੀ ਹੋਈ ਵਾਪਸ ਘਰ ਆ ਗਈ। ਇਸੇ ਤਰ੍ਹਾਂ ਟਾਮੀ ਕੁੱਤੇ ਦਾ ਵੀ ਉਸ ਨੇ ਵੇਖਦੇ-ਵੇਖਦੇ ਅਪਮਾਨ ਕਰ ਦਿੱਤਾ। ਟਾਮੀ ਕੁੱਤਾ ਇਕ ਜਗ੍ਹਾ ਆਰਾਮ ਕਰ ਰਿਹਾ ਸੀ। ਉਹ ਗੋਲੂ ਦੇ ਪਿਤਾ ਦਾ ਹਮਉਮਰ ਸੀ। ਗੋਲੂ ਨੇ ਇਸਦਾ ਵੀ ਲਿਹਾਜ ਨਹੀਂ ਕੀਤਾ। ਟਾਮੀ ਕੋਈ ਉੱਤਰ ਦਿੰਦਾ ਇਸ ਤੋਂ ਪਹਿਲਾਂ ਹੀ ਗੋਲੂ ਉਹਨੂੰ ਭਲਾ-ਬੁਰਾ ਕਹਿੰਦੇ ਹੋਏ ਆਪਣੀ ਅਟੈਚੀ ਲਈ ਅਗੇ ਵੱਧ ਗਿਆ।

ਗੋਲੂ ਦੇ ਦੁਰਵਿਵਹਾਰ ਤੋਂ ਜੰਗਲ ਦੇ ਸਾਰੇ ਜਾਨਵਰ ਤੰਗ ਆ ਚੁੱਕੇ ਸਨ। ਉਹ ਗੋਲੂ ਨੂੰ ਸਬਕ ਸਿਖਾਉਣਾ ਚਾਹੁੰਦੇ ਸਨ ਪਰ ਮਜ਼ਬੂਰ ਸਨ। ਗੋਲੂ ਆਪਣੇ ਪਿਤਾ ਦੀ ਵੀ ਗੱਲ ਨਹੀਂ ਮੰਨਦਾ ਸੀ। ਉਹ ਕਹਿੰਦਾ -ਮੈਂ ਅਨਪੜ੍ਹ ਪਿਤਾ ਦੀ ਗੱਲ ਹੀ ਮੰਨਣੀ ਹੈ ਤਾਂ ਫਿਰ ਸ਼ਹਿਰ ਦੇ ਕਾਲਿਜ ਵਿੱਚ ਕਿਸ ਲਈ ਪੜਦਾ ਹਾਂ।

ਸਾਰੇ ਜਾਨਵਰ ਮਨ ਹੀ ਮਨ ਕਾਮਨਾ ਕਰਦੇ ਕਿ ਗੋਲੂ ਨੂੰ ਸਿਖਿਆ ਮਿਲੇ ਅਤੇ ਉਹ ਦਿਨ ਵੀ ਆ ਗਿਆ।

ਗੋਲੂ ਬਾਜਾਰੋਂ ਪਟਾਖੇ ਲਿਆਉਂਦਾ ਅਤੇ ਦਿਨ ਭਰ ਚਲਾਉਂਦਾ ਰਹਿੰਦਾ। ਜੰਗਲ ਦਾ ਕੋਈ

ਜਾਨਵਰ ਜਦ ਰਾਹ ਵਿੱਚ ਆ ਜਾ ਰਿਹਾ ਹੁੰਦਾ ਤਾਂ ਉਹ ਅਚਾਨਕ ਇਕ ਪਟਾਖਾ ਉਹਨਾਂ ਵੱਲ ਚਲਾ ਦਿੰਦਾ। ਵਿਚਾਰਾ ਜਾਨਵਰ ਡਿਗਦਾ-ਢਹਿੰਦਾ ਭੱਜਦਾ।

ਲਾਲੂ ਭਾਲੂ ਦਾ ਤਾਂ ਇਸੇ ਮਜਾਕ ਵਿੱਚ ਖੱਬਾ ਪੈਰ ਹੀ ਟੁੱਟ ਗਿਆ। ਉਸਨੇ ਗੋਲੂ ਦੇ ਪਿਤਾ ਨੂੰ ਚੇਤਾਇਆ। ਗੋਲੂ ਨੇ ਪਿਤਾ ਦੀ ਸਲਾਹ ਦਾ ਮਜਾਕ ਉਡਾਉਂਦੇ ਹੋਏ ਕਿਹਾ- ਮੈਂ ਤਾਂ ਪਟਾਖੇ ਚਲਾਵਾਂਗਾ।

ਇਕ ਦਿਨ ਸ਼ਾਮ ਤੋਂ ਹੀ ਉਹ ਪਟਾਖੇ ਚਲਾ ਰਿਹਾ ਸੀ। ਘਰ ਵਾਲੇ ਪ੍ਰੇਸ਼ਾਨ ਸਨ। ਮਾਂ ਜਦ ਭੋਜਨ ਲਈ ਬੁਲਾਉਂਦੀ ਤਾਂ ਉਹ ਕਹਿੰਦਾ - ਬਸ ਇਕ ਹੋਰ....। ਇਸੇ ਕ੍ਰਮ ਵਿੱਚ ਜਦ ਉਹ ਇਕ ਪਟਾਖਾ ਚਲਾ ਰਿਹਾ ਸੀ, ਗੋਲੂ ਦੇ ਕੋਲ ਹੀ ਫਟ ਗਿਆ ਅਤੇ ਗੋਲੂ ਦਾ ਚਿਹਰਾ ਬੁਰੀ ਤਰ੍ਹਾਂ ਝੁਲਸ ਗਿਆ।

ਰੋਣ-ਕੁਰਲਾਉਣ ਦੀ ਆਵਾਜ਼ ਸੁਣ ਕੇ ਜੰਗਲ ਦੇ ਜਾਨਵਰ ਜਮਾ ਹੋ ਗਏ। ਨਿੱਕੀ ਬੱਕਰੀ, ਟਾਮੀ ਕੁੱਤਾ, ਲੱਲੂ ਭਾਲੂ ਆਦਿ ਮਿਲ ਕੇ ਗੋਲੂ ਨੂੰ ਨਗਰ ਦੇ ਹਸਪਤਾਲ ਲੈ ਗਏ। ਡਾਕਟਰਾਂ ਨੇ ਜਾਂਚ ਦੇ ਬਾਦ ਦੱਸਿਆ ਕਿ ਗੋਲੂ ਦਾ ਪੂਰਾ ਚਿਹਰਾ ਝੁਲਸ ਗਿਆ ਹੈ ਪ੍ਰੰਤੂ



ਈਸ਼ਵਰ ਦੀ ਦਯਾ ਨਾਲ ਅੱਖਾਂ ਬਚ ਗਈਆਂ ਹਨ।

ਡਾਕਟਰ ਦੀ ਗੱਲ ਸੁਣ ਕੇ ਗੋਲੂ ਜੋਰ-ਜੋਰ ਨਾਲ ਰੋਣ ਲੱਗਾ- ਅਜਿਹਾ ਕਰੂਪ ਚਿਹਰਾ ਲੈ ਕੇ ਮੈਂ ਕਿਵੇਂ ਜੀਵਤ ਰਹਾਂਗਾ। ਮੇਰਾ ਜੀਣਾ ਬੇਕਾਰ ਹੈ।

ਡਾਕਟਰ ਦੇ ਨਾਲ-ਨਾਲ ਜੰਗਲੀ ਜਾਨਵਰਾਂ ਨੇ ਵੀ ਗੋਲੂ ਨੂੰ ਸਮਝਾਇਆ - ਗੋਲੂ, ਜ਼ਿੰਦਗੀ ਚਿਹਰੇ ਤੋਂ ਜ਼ਿਆਦਾ ਕੀਮਤੀ ਅਤੇ ਸੁੰਦਰ ਹੈ। ਤੈਨੂੰ ਇਹਦੇ ਬਾਰੇ ਵਿੱਚ ਸੋਚਣਾ ਚਾਹੀਦਾ ਹੈ।

ਲਗਭਗ ਦੋ ਮਹੀਨੇ ਦੀ ਡਾਕਟਰੀ ਦੇ ਬਾਦ ਗੋਲੂ ਖਰਗੋਸ਼ ਦਾ ਜਖਮ ਭਰ ਗਿਆ। ਹੁਣ ਉਸਦਾ ਚਿਹਰਾ ਕਾਫੀ ਬਦਸੂਰਤ ਦਿਸਦਾ ਸੀ। ਗੋਲੂ ਘੁੰਮ-ਘੁੰਮ ਕੇ ਜੰਗਲ ਦੇ ਸਾਰੇ ਜਾਨਵਰਾਂ ਤੋਂ ਆਪਣੇ ਕੀਤੇ ਦੀ ਮਾਫੀ ਮੰਗਦਾ ਫਿਰਦਾ। - ਮਾਫ ਕਰ ਦਿਉ, ਮੈਨੂੰ ਆਪਣੇ ਕੀਤੇ ਦੀ ਸਜਾ ਮਿਲ ਚੁੱਕੀ ਹੈ।



# ਕਦੇ ਨਾ ਭੁੱਲੋ

- ਪਰਮਪਿਤਾ ਪ੍ਰਮਾਤਮਾ ਨੂੰ ਜਾਣ ਕੇ ਹੀ ਵਿਸ਼ਵ ਸ਼ਾਂਤੀ ਸੰਭਵ ਹੈ। ਮਹਾਂਪੁਰਸ਼ਾਂ, ਗੁਰੂਆਂ, ਅਵਤਾਰਾਂ ਦੇ ਨਕਸ਼ੇ-ਕਦਮਾਂ ਤੇ ਚੱਲ ਕੇ ਹੀ ਕਲਿਆਣ ਸੰਭਵ ਹੈ। ਮਾਨਵਤਾ ਨੂੰ ਅਧਿਤਆਤਮਿਕਤਾ ਨਾਲ ਹੀ ਬਚਾਇਆ ਜਾ ਸਕਦਾ ਹੈ।
- ਤਲਵਾਰ ਦੇ ਜ਼ਖਮ ਭਰ ਜਾਂਦੇ ਹਨ ਪ੍ਰੰਤੂ ਜੁਬਾਨ ਰਾਹੀਂ ਕਹੇ ਗਏ ਵਚਨ ਦਿਲਾਂ ਨੂੰ ਛਲਨੀ ਕਰ ਦਿੰਦੇ ਹਨ।
- ਅਗਿਆਨਤਾ ਦੇ ਹਨ੍ਹੇਰੇ ਵਿੱਚ ਰਹਿ ਕੇ ਤੈਅ ਕੀਤਾ ਗਿਆ ਜੀਵਨ ਸਫਰ, ਧਰਤੀ ਤੇ ਬੋਝ ਦੇ ਸਮਾਨ ਹੈ।
- ਸੰਤਾਂ ਦੀ ਉਚੀ ਮੱਤ ਲੈ ਲਉ ਜੀਵਨ ਦੀ ਚਾਲ ਸੁੰਦਰ ਹੋ ਜਾਏਗੀ।

(ਸਤਿਗੁਰੂ ਬਾਬਾ ਹਰਦੇਵ ਸਿੰਘ ਜੀ ਮਹਾਰਾਜ)

- ਅਗਰ ਅਸੀਂ ਭਲੇ ਹਾਂ ਤਾਂ ਸਾਰਾ ਸੰਸਾਰ ਸਾਡੇ ਲਈ ਭਲਾ ਹੈ।

- ਸਮਰੱਥ ਰਾਮਦਾਸ

- ਜੋ ਆਪਣੇ ਆਪ ਨੂੰ ਸਭ ਤੋਂ ਬੁੱਧੀਮਾਨ ਸਮਝਦਾ ਹੈ, ਉਹ ਆਮ ਤੌਰ ਤੇ ਸਭ ਤੋਂ ਵੱਡਾ ਮੂਰਖ ਹੁੰਦਾ ਹੈ।

- ਕੋਲਟਨ

- ਹੰਕਾਰ ਨਸ਼ੇ ਦਾ ਸਭ ਤੋਂ ਸ਼ਕਤੀਸ਼ਾਲੀ ਰੂਪ ਹੈ।

- ਪ੍ਰੇਮਚੰਦ

- ਅਜਿਹਾ ਨਾ ਸੋਚੋ ਕਿ ਮੌਕਾ ਤੁਹਾਡਾ ਦਰਵਾਜਾ ਦੁਬਾਰਾ ਖਟਖਟਾਏਗਾ।

- ਸ਼ੈਮਫੋਰਟ

- ਇੱਛਾ ਨਾਲ ਦੁੱਖ ਆਉਂਦਾ ਹੈ, ਇੱਛਾ ਨਾਲ ਭੈਅ ਆਉਂਦਾ ਹੈ। ਜੋ ਇੱਛਾਵਾਂ ਤੋਂ ਮੁਕਤ ਹੈ, ਉਹ ਨਾ ਦੁਖ ਜਾਣਦਾ ਹੈ ਅਤੇ ਨਾ ਡਰ।

- ਮਹਾਤਮਾ ਬੁੱਧ

- ਅਸੀ ਆਪਣੀ ਕਿਸਮਤ ਦਾ ਨਿਰਣਾ ਖੁਦ ਕਰਦੇ ਹਾਂ ਅਤੇ ਉਹਨੂੰ 'ਹੋਣੀ' ਕਹਿੰਦੇ ਹਾਂ।

- ਡਿਜਰਾਈਲੀ

- ਮਨੁੱਖ ਦੇ ਕਰਮ ਹੀ ਉਸਦੇ ਵਿਚਾਰਾਂ ਦੀ ਸਭ ਤੋਂ ਵੱਡੀ ਵਿਆਖਿਆ ਹੈ।

- ਲਾਂਗ ਫੈਲੋ

- ਭਲਾਈ ਜਿਤਨੀ ਜ਼ਿਆਦਾ ਕੀਤੀ ਜਾਂਦੀ ਹੈ ਓਨੀ ਹੀ ਜ਼ਿਆਦਾ ਫੈਲਦੀ ਹੈ।

- ਮਿਲਟਨ

❑ ਸੰਗ੍ਰਿਹ ਕਰਤਾ : ਡਿੰਪਲਜੀਤ ਰੰਧਾਵਾ

ਕਹਾਣੀ : ਮਨੀਪਾਲ ਸਿੰਘ

# ਸਬਕ



– ਆਖਿਰ ਤੁਸੀਂ ਹੋ ਤਾਂ ਮੂਰਖ ਬਿੱਲੀਆਂ ਹੀ। ਆਪਣੀਆਂ ਪੜਦਾਦੀਆਂ ਤੋਂ ਤੁਸੀਂ ਕੀ ਸਿਖਿਆ? –ਬਿੱਲੂ ਬਾਂਦਰ ਨੇ ਚਿੰਕੀ ਬਿੱਲੀ ਨੂੰ ਚਿੜਾਉਂਦੇ ਹੋਏ ਕਿਹਾ।

– ਸਾਡੇ ਪੜਦਾਦੇ ਨੇ ਤੁਹਾਡੀ ਜਾਤੀ ਦੀਆਂ ਮੂਰਖ ਬਿੱਲੀਆਂ ਨੂੰ ਬੇਵਕੂਫ ਬਣਾ ਕੇ ਪੂਰੀ ਰੋਟੀ ਹਜ਼ਮ ਕਰ ਲਈ ਸੀ। – ਉਹ ਬੋਲਿਆ।

ਚਿੰਕੀ ਬਿੱਲੀ ਗੁੱਸੇ ਨਾਲ ਪੈਰ ਪਟਕਦੇ ਹੋਏ ਘਰ ਪਹੁੰਚੀ। ਉਹ ਬੜਬੜਾਉਂਦੇ ਹੋਏ ਬੋਲੀ– ਆਖਿਰ ਇਹਨਾਂ ਬਾਂਦਰਾਂ ਨੇ ਸਾਨੂੰ ਸਮਝ ਕੀ ਰੱਖਿਆ ਹੈ?

– ਤੂੰ ਠੀਕ ਕਹਿੰਦੀ ਹੈ ਭੈਣ। ਅਸੀਂ ਇਹਨਾਂ ਬਾਂਦਰਾਂ ਨੂੰ ਜ਼ਰੂਰ ਮਜਾ ਚਖਾਵਾਂਗੇ। – ਇਹ ਦੂਸਰੀ ਆਵਾਜ਼ ਸੀ। ਚਿੰਕੀ ਬਿੱਲੀ ਨੇ ਪਲਟ ਕੇ ਵੇਖਿਆ ਤਾਂ ਉਸਦੇ ਸਾਹਮਣੇ ਸ਼ਹਿਰ ਤੋਂ ਆਈ ਉਸ ਦੀ ਚਚੇਰੀ ਭੈਣ ਪਿੰਕੀ ਸੀ। ਦੋਵੇਂ ਇਕ-ਦੂਸਰੇ ਦੇ ਗਲੇ ਮਿਲੀਆਂ। ਉਹ ਬੋਲੀ– ਮੈਂ ਤੇਰੀ ਗੱਲ ਸੁਣ ਲਈ ਹੈ। ਆਪਣੇ ਪੁਰਖਿਆਂ ਦੀ ਗਲਤੀ ਅਸੀਂ ਕਿਉਂ ਝੱਲੀਏ। ਐਨਾ ਕਹਿ ਕੇ ਪਿੰਕੀ ਬਿੱਲੀ ਨੇ ਉਸਦੇ ਕੰਨ ਵਿੱਚ ਆਪਣੀ ਯੋਜਨਾ ਸੁਣਾਈ।

ਅਗਲੇ ਦਿਨ ਦੋਵੇਂ ਭੈਣਾਂ ਜੰਗਲ ਦੇ ਵਿਚੋ-ਵਿੱਚ ਜਾ ਕੇ ਲੜਨ ਲੱਗੀਆਂ। ਸ਼ੋਰ ਸੁਣ ਕੇ ਬਿੱਲੂ ਬਾਂਦਰ ਉਥੇ ਆ ਪਹੁੰਚਿਆ। ਉਸਨੇ ਉਹਨਾਂ ਦੇ ਝਗੜੇ ਦਾ ਕਾਰਣ ਪੁੱਛਿਆ। – ਪਿੰਕੀ ਬਿੱਲੀ ਕਹਿਣ ਲੱਗੀ – ਅਸੀਂ ਇਥੇ ਟਹਿਲਣ ਲਈ ਆਈਆਂ ਹਾਂ। ਇਥੇ ਇਕ ਕੇਕ ਪਿਆ ਹੋਇਆ ਸੀ। ਮੈਂ ਜਿਉਂ ਹੀ ਕੇਕ ਨੂੰ ਉਠਾਇਆ, ਇਹ ਮੇਰੇ ਨਾਲ ਝਗੜਨ ਲੱਗੀ ਅਤੇ ਕਹਿਣ ਲੱਗੀ ਕਿ ਇਹ ਕੇਕ ਮੇਰਾ ਹੈ।

– ਹੁਣ ਤੂੰ ਹੀ ਸਾਡਾ ਫੈਸਲਾ ਕਰ ਬਾਂਦਰ ਭਾਈ। – ਚਿੰਕੀ ਬੋਲੀ।

ਕੇਕ ਨੂੰ ਵੇਖ ਕੇ ਬਿੱਲੂ ਬਾਂਦਰ ਦੇ ਮੂੰਹ ਵਿੱਚ ਪਾਣੀ ਭਰ ਆਇਆ। ਬਿੱਲੂ ਬਾਂਦਰ ਨੂੰ ਮਨ ਹੀ ਮਨ ਉਹਨਾਂ ਦੀ ਮੂਰਖਤਾ ਤੇ ਹਾਸਾ ਆ ਰਿਹਾ ਸੀ। ਉਸ ਨੇ ਕੇਕ ਨੂੰ ਦੋ ਟੁਕੜਿਆਂ ਵਿੱਚ ਵੰਡ ਦਿੱਤਾ। ਇਕ ਟੁਕੜਾ ਵੱਡਾ ਸੀ ਅਤੇ ਇਕ ਛੋਟਾ। ਉਸ ਨੇ ਅਲੱਗ-ਅਲੱਗ ਟੁਕੜੇ ਦੋਹਾਂ ਬਿੱਲੀਆਂ ਨੂੰ ਦੇ ਦਿੱਤੇ।

– ਬਾਂਦਰ ਭਾਈ ਸਾਨੂੰ ਬਰਾਬਰ ਦੇ ਟੁਕੜੇ ਚਾਹੀਦੇ ਹਨ। ਕਿਉਂ ਚਿੰਕੀ ਭੈਣ? –ਪਿੰਕੀ ਬੋਲੀ।

– ਹਾਂ-ਹਾਂ ਸਾਨੂੰ ਬਰਾਬਰ ਦੇ ਟੁਕੜੇ ਚਾਹੀਦੇ ਹਨ। ਚਿੰਕੀ ਬੋਲੀ। ਇਹ ਸੁਣ ਕੇ ਬਿੱਲੂ ਨੇ ਕੇਕ ਦੇ ਵੱਡੇ ਟੁਕੜੇ ਦਾ ਇਕ ਹੋਰ ਟੁਕੜਾ ਕਰ ਦਿਤਾ ਅਤੇ ਉਹਨੂੰ ਆਪਣੇ ਮੂੰਹ ਵਿੱਚ ਰੱਖ ਲਿਆ। ਲੇਕਿਨ ਇਹ ਕੀ? ਉਸਦਾ ਜਬੜਾ ਟਸ ਤੋਂ ਮਸ ਨਾ ਹੋਇਆ। ਉਸਨੇ ਆਪਣੀ ਪੂਰੀ ਸ਼ਕਤੀ ਨਾਲ ਜਬੜੇ ਨੂੰ ਹਿਲਾਉਣਾ ਚਾਹਿਆ। ਇਸੇ ਕੋਸ਼ਿਸ਼ ਵਿੱਚ ਉਸਦੇ ਸਾਰੇ ਦੰਦ ਟੁੱਟ ਗਏ। ਉਹ ਨਦੀ ਵੱਲ ਭੱਜਿਆ। ਪਿੱਛੋਂ ਚਿੰਕੀ ਅਤੇ ਪਿੰਕੀ ਦੇ ਹੱਸਣ ਦੀਆਂ ਆਵਾਜ਼ਾਂ ਆਈਆਂ। ਅਸਲ ਵਿੱਚ ਪਿੰਕੀ ਬਿੱਲੀ ਨੇ ਉਸ ਕੇਕ ਵਿੱਚ ਸ਼ਹਿਰ ਤੋਂ ਲਿਆਂਦੀ ਇਕ ਖਾਸ ਦਵਾ ਪਾ ਰੱਖੀ ਸੀ। ਤਿੰਨ-ਚਾਰ ਦਿਨ ਬਾਦ ਜਦ ਬਿੱਲੂ ਬਾਂਦਰ ਨੇ ਸ਼ੀਸ਼ੇ ਵਿੱਚ ਆਪਣੀ ਸ਼ਕਲ ਵੇਖੀ ਤਾਂ ਪਹਿਚਾਣ ਨਾ ਸਕਿਆ। ਇਸ ਘਟਨਾ ਦੇ ਬਾਅਦ ਬਿੱਲੂ ਬਾਂਦਰ ਨੇ ਕਿਸੇ ਬਿੱਲੀ ਨੂੰ ਨਹੀਂ ਚਿੜਾਇਆ।

❑ ਕਹਾਣੀ : ਡਾ: ਸੇਵਾ ਨੰਦਵਾਲ

# ਸ਼ੁਕਰਾਨਾ ਅਦਾ ਕਰੋ

ਇਕ ਲੜਕਾ ਸੀ ਕੁੰਦਨ। ਇਕ ਵਾਰ ਉਹ ਸੌਣ ਦਾ ਨਾਟਕ ਕਰਕੇ ਲੇਟਿਆ ਹੋਇਆ ਸੀ। ਕਿਸੇ ਨੇ ਉਸਨੂੰ ਝੰਝੋੜ ਕੇ ਜਗਾ ਦਿਤਾ ਅਤੇ ਪੁੱਛਣ ਲੱਗਾ- ਕਿਸੇ ਗੱਲ ਤੋਂ ਨਾਰਾਜ਼ ਹੋ ਬੱਚੇ?

ਇਕ ਹੋਵੇ ਤਾਂ ਦੱਸਾਂ ਮੇਰੇ ਜੀਵਨ ਵਿੱਚ ਤਾਂ ਪ੍ਰੇਸ਼ਾਨੀਆਂ ਦਾ ਢੇਰ ਹੈ। – ਕੁੰਦਨ ਨੇ ਅੱਖਾਂ ਖੋਲ੍ਹਦੇ ਹੋਏ ਦੱਸਿਆ।



– ਐਨੇ ਛੋਟੇ ਜਿਹੇ ਬੱਚੇ ਨੂੰ ਢੇਰ ਸਾਰੀਆਂ ਪ੍ਰੇਸ਼ਾਨੀਆਂ। ਇਹ ਤਾਂ ਚੰਗੀ ਗੱਲ ਨਹੀਂ ... ਚਲੋ, ਆਪਣੀਆਂ ਪ੍ਰੇਸ਼ਾਨੀਆਂ ਦੱਸੋ। – ਉਸ ਨੇ ਹਮਦਰਦੀ ਪ੍ਰਗਟ ਕੀਤੀ।

– ਮੇਰੇ ਮੰਮੀ-ਪਾਪਾ ਹਮੇਸ਼ਾਂ ਝਿੜਕਦੇ ਰਹਿੰਦੇ ਹਨ। – ਕੁੰਦਨ ਨੇ ਦੱਸਿਆ।

– ਬੇਟੇ ਸ਼ੁਕਰਾਨਾ ਅਦਾ ਕਰੋ ਕਿ ਉਹ ਸੱਚੇ ਸ਼ੁਭਚਿੰਤਕ ਹਨ ਅਤੇ ਉਹਨਾਂ ਨੂੰ ਤੇਰੀ ਕਾਬਲੀਅਤ ਤੇ ਭਰੋਸਾ ਹੈ ਤਦੇ ਤਾਂ ਤੇਰੀਆਂ ਅਸਫਲਤਾਵਾਂ-ਗਲਤੀਆਂ ਤੇ ਝਿੜਕਦੇ ਹਨ।
– ਉਸ ਨੇ ਸਮਝਾਇਆ।

– ਉਪਦੇਸ਼ਕ ਜੀ ਆਪ ਹੋ ਕੌਣ?- ਕੁੰਦਨ ਨੇ ਪੁੱਛਿਆ।

– ਅੰਤ ਵਿੱਚ ਦੱਸਾਂਗਾ, ਹੁਣ ਤੂੰ ਆਪਣੀ ਦੂਸਰੀ ਪ੍ਰੇਸ਼ਾਨੀ ਦੱਸ। – ਉਹ ਬੋਲਿਆ।

-ਸਕੂਲ ਵਿੱਚ ਅਧਿਆਪਕ ਹਮੇਸ਼ਾਂ ਝਿੜਕਦੇ-ਫਟਕਾਰਦੇ ਰਹਿੰਦੇ ਹਨ ਕਿਉਂਕਿ ਮੈਂ ਟੈਸਟ ਵਿੱਚ ਘੱਟ ਨੰਬਰ ਲਿਆਉਂਦਾ ਹਾਂ। ਇਸ ਲਈ ਚੰਗਾ ਰੈਂਕ ਵੀ ਨਹੀਂ ਆ ਸਕਦਾ। – ਕੁੰਦਨ ਨੇ ਮੂੰਹ ਵਿਗਾੜਦੇ ਹੋਏ ਦੱਸਿਆ।

– ਸ਼ੁਕਰ ਕਰੋ ਕਿ ਉਹ ਤੇਰੇ ਹਿਤੈਸ਼ੀ ਹਨ ਅਤੇ ਤੇਰੇ ਤੋਂ ਜ਼ਿਆਦਾ ਚੰਗੇ ਨਤੀਜੇ ਦੀ ਉਮੀਦ ਕਰਦੇ ਹਨ। ਉਸ ਨੇ ਸਮਝਾਇਆ।

– ਮੇਰੇ ਖੇਡਾਂ ਵਾਲੇ ਅਧਿਆਪਕ ਹਮੇਸ਼ਾਂ ਮੈਨੂੰ ਐਡੀਸ਼ਨਲ ਖਿਡਾਰੀ ਬਣਾ ਕੇ ਬਾਹਰ ਬੈਠਾ ਦਿੰਦੇ ਹਨ, ਟੀਮ ਵਿੱਚ ਸ਼ਾਮਿਲ ਨਹੀਂ ਕਰਦੇ।- ਕੁੰਦਨ ਨੇ ਕਿਹਾ।

– ਤੈਨੂੰ ਸ਼ੁਕਰਗੁਜਾਰ ਹੋਣਾ ਚਾਹੀਦਾ ਹੈ ਕਿ ਉਹ ਤੇਰੇ ਵਿੱਚ ਚੰਗੇ ਖਿਡਾਰੀ ਦੀ ਸੰਭਾਵਨਾ ਵੇਖਦੇ ਹਨ ਅਤੇ ਇਕ ਦਿਨ ਟੀਮ ਵਿੱਚ ਜ਼ਰੂਰ ਸ਼ਾਮਿਲ ਕਰਨਗੇ। – ਉਸ ਨੇ ਭਰੋਸਾ ਦਿੱਤਾ।

– ਮੈਨੂੰ ਘਰ ਦੇ ਢੇਰ ਸਾਰੇ ਛੋਟੇ-ਮੋਟੇ ਕੰਮ ਕਰਨੇ ਪੈਂਦੇ ਹਨ। – ਕੁੰਦਨ ਨੇ ਮੂੰਹ ਬਣਾਉਂਦੇ ਹੋਏ ਕਿਹਾ।

– ਸ਼ੁਕਰ ਕਰੋ ਕਿ ਘਰਵਾਲੇ ਤੈਨੂੰ ਇਸ ਲਾਇਕ ਸਮਝਦੇ ਹਨ, ਤੈਨੂੰ ਬੁੱਧੀਮਾਨ ਸਮਝਦੇ ਹਨ ਅਤੇ ਇਸ ਪ੍ਰਕਾਰ ਆਪਣੇ ਫਰਜ਼ ਤੋਂ ਜਾਣੂ ਹੋਣ ਦਾ ਮੌਕਾ ਪ੍ਰਦਾਨ ਕਰਦੇ ਹਨ। – ਉਸਨੇ ਕਿਹਾ।





– ਜਦ ਵੀ ਮੈਂ ਟੀਵੀ ਵੇਖਣ ਬੈਠਦਾ ਹਾਂ ਤਾਂ ਮੰਮੀ ਝਿੜਕਣ ਲੱਗਦੀ ਹੈ। – ਕੁੰਦਨ ਨੇ ਕਿਹਾ।

– ਸ਼ੁਕਰਾਨਾ ਅਦਾ ਕਰੋ ਕਿ ਤੇਰੀ ਸਿਹਤ ਅਤੇ ਅੱਖਾਂ ਦੀ ਚਿੰਤਾ ਤੇਰੀ ਮੰਮੀ ਨੂੰ ਬਹੁਤ ਜ਼ਿਆਦਾ ਹੈ। – ਉਹ ਬੋਲਿਆ।

– ਮੈਨੂੰ ਹਮੇਸ਼ਾਂ ਊਲ-ਜਲੂਲ ਸੁਪਨੇ ਆਉਂਦੇ ਹਨ ਜਿਸ ਦੇ ਕਾਰਨ ਮੇਰੀ ਨੀਂਦ ਖੁੱਲ੍ਹ ਜਾਂਦੀ ਹੈ। – ਕੁੰਦਨ ਨੇ ਦੱਸਿਆ।

– ਸ਼ੁਕਰ ਕਰੋ ਕਿ ਸੁਪਨੇ ਆਉਂਦੇ ਹਨ, ਈਸ਼ਵਰ ਉਹਨਾਂ ਨੂੰ ਹੀ ਸੁਪਨੇ ਵਿਖਾਉਂਦਾ ਹੈ ਜਿਨ੍ਹਾਂ ਦੇ ਅੰਦਰ ਉਹਨਾਂ ਨੂੰ ਪੂਰਾ ਕਰਨ ਦੀ ਸਮਰਥਾ ਵੇਖਦਾ ਹੈ। ਯਾਦ ਰੱਖਣਾ... ਚੰਗਾ ਸੋਚੋਗੇ, ਚੰਗੀ ਕਲਪਨਾ ਕਰੋਗੇ ਤਦੇ ਚੰਗੇ ਸੁਪਨੇ ਅੱਖਾਂ ਵਿੱਚ ਆਉਣਗੇ। – ਉਸ ਨੇ ਹਿਦਾਇਤ ਦਿੱਤੀ।

ਮੈਨੂੰ ਪਾਣੀ ਵਿੱਚ ਖੇਡਣਾ ਬਹੁਤ ਪਸੰਦ ਹੈ ਅਤੇ ਬਹੁਤ ਦੇਰ ਤਕ ਨਹਾਉਣਾ ਚਾਹੁੰਦਾ ਹਾਂ। – ਕੁੰਦਨ ਨੇ ਦੱਸਿਆ।

– ਸ਼ੁਕਰ ਕਰੋ ਕਿ ਬਾਰਿਸ਼ ਹਾਲਾਂ ਹੁੰਦੀ ਹੈ ਲੇਕਿਨ ਬੇਟੇ ਸਮੇਂ ਦੀ ਨਜ਼ਾਕਤ ਅਨੁਸਾਰ ਪਾਣੀ ਦਾ ਇਸਤੇਮਾਲ ਲੋੜ ਅਨੁਸਾਰ ਕਰਨਾ ਚਾਹੀਦਾ ਹੈ ਕਿਉਂਕਿ ਇਹਨੀਂ ਦਿਨੀਂ ਪਾਣੀ ਦੀ ਨਿਰੰਤਰ ਘਾਟ ਹੋ ਰਹੀ ਹੈ ਅਤੇ ਇਸਦੀ ਲੋੜ ਸਾਰਿਆਂ ਨੂੰ ਹੁੰਦੀ ਹੈ। -ਉਸ ਨੇ ਸਮਝਾਇਆ।

-ਦੂਸਰਿਆਂ ਨੂੰ ਗਲਤ ਕੰਮ ਕਰਦੇ ਵੇਖ, ਬੇਈਮਾਨੀ ਕਰਦੇ ਵੇਖ ਕੇ ਮੈਂ ਤੜਫਣ ਲੱਗਦਾ ਹਾਂ।– ਕੁੰਦਨ ਬੋਲਿਆ।

– ਸ਼ੁਕਰ ਕਰੋ ਕਿ ਤੇਰੇ ਵਿੱਚ ਬਿਹਤਰ ਬਣਨ ਦੀ ਸੰਭਾਵਨਾ ਹੈ ਜੋ ਬੁਰਾ ਨਹੀਂ ਦੇਖ ਸਕਦਾ। – ਉਹ ਬੋਲਿਆ।

– ਮੈਂ ਜੋ ਕਹਿੰਦਾ ਹਾਂ ਉਸ ਤੇ ਅਮਲ ਨਹੀ ਕਰ ਸਕਦਾ। ਫਿਰ ਆਪਣੇ ਉਪਰ ਚਿੜਨ ਲੱਗਦਾ ਹਾਂ। – ਕੁੰਦਨ ਨੇ ਸੁਸਤਾਂਦੇ ਹੋਏ ਦੱਸਿਆ।

– ਸ਼ੁਕਰ ਕਰੋ ਕਿ ਤੇਰੇ ਅੰਦਰ ਚੰਗਾ ਕਰਨ ਦੀ ਤੜਪਣ ਹੈ, ਸੰਕਲਪ ਸ਼ਕਤੀ ਹੈ, ਬਸ ਥੋੜਾ ਉਸ ਤੇ ਧਿਆਨ ਕੇਂਦਰਿਤ ਕਰੋ। ਸਮਾਂ ਆਉਣ ਤੇ ਹੌਲੀ-ਹੌਲੀ ਇਹ ਸਾਰੀਆਂ ਪ੍ਰੇਸ਼ਾਨੀਆਂ ਖਤਮ। – ਉਸਨੇ ਹੱਸਦੇ ਹੋਏ ਸਮਝਾਇਆ ਅਤੇ ਫਿਰ ਬੋਲਿਆ– ਆਪਣੀ ਹੋਰ ਪ੍ਰੇਸ਼ਾਨੀ ਦੱਸੋ?

ਕੁੰਦਨ ਨੇ ਕਿਹਾ – ਬਸ ਐਨੀਆਂ ਹੀ ਹਨ। ਹੁਣ ਤਾਂ ਦੱਸ ਦਿਉ ਆਪ ਕੌਣ ਹੋ?

– ਜਾਣਨਾ ਚਾਹੁੰਦੇ ਹੋ? ਮੈਂ ਕੌਣ ਹਾਂ? ਮੈਂ ਹਾਂ ਸਮਾਂ; ਜੋ ਦਿਨ-ਰਾਤ ਵਿੱਚ ਬਦਲਦੇ ਹੋਏ ਹਫ਼ਤੇ, ਮਹੀਨੇ ਅਤੇ ਫਿਰ ਸਾਲ ਵਿੱਚ ਬਦਲ ਜਾਂਦਾ ਹਾਂ। ਹੁਣ ਤਾਂ ਪਹਿਚਾਣ ਗਏ ਹੋ !

ਕੁੰਦਨ ਦੇ ਚਿਹਰੇ ਤੇ ਮੁਸਕੁਰਾਹਟ ਖਿੜ ਗਈ। – ਚੰਗਾ, ਹੁਣ ਸਮਝ ਗਿਆ।

– ਸ਼ੁਕਰੀਆ ਦੋਸਤ! ਕਹਿੰਦੇ ਹੋਏ ਕੁੰਦਨ ਨੇ ਇਕ ਝਟਕੇ ਵਿੱਚ ਬਿਸਤਰ ਨੂੰ ਛੱਡ ਦਿੱਤਾ।

# ਦਾਦਾ ਜੀ



ਚਿੱਤਰਕਾਰ ਅਤੇ ਲੇਖਕ - ਅਜੈ ਕਾਲੜਾ







ਗੁਰੂ ਜੀ ਉਨ੍ਹਾਂ ਅਧਿਆਪਕਾਂ ਵਿਚੋਂ ਨਹੀਂ ਸਨ ਜਿਹਨਾਂ ਲਈ ਸਿਖਿਆ ਇਕ ਧੰਦਾ ਸੀ। ਉਹਨਾਂ ਦੇ ਅੰਦਰ ਇਕ ਚੰਗੇ ਅਧਿਆਪਕ ਦੇ ਭਰਪੂਰ ਗੁਣ ਸਨ। ਉਹਨਾਂ ਨੂੰ ਜਦ ਵੀ ਸਮਾਂ ਮਿਲਦਾ ਤਾਂ ਉਹ ਪਿੰਡ ਵਿੱਚ ਸਿਖਿਆ ਦੇ ਪ੍ਰਚਾਰ ਲਈ ਨਿਕਲ ਜਾਂਦੇ। ਗੁਰੂ ਜੀ ਦਿਲੋਂ ਚਹੁੰਦੇ ਸਨ ਕਿ ਪੂਰਾ ਖੇਰਾਗੜ੍ਹ ਪਿੰਡ ਸਿਖਿਅਤ ਬਣੇ।
ਫਿਰ ਇਕ ਦਿਨ ਪਤਾ ਲੱਗਾ ਕਿ ਭੋਲੂ ਕਿਸਾਨਾਂ ਨੂੰ ਬਹਿਕਾ ਕੇ ਪੜਾਈ ਤੋਂ ਦੂਰ ਲੈ ਜਾ ਰਿਹਾ ਸੀ। ਉਹ ਕਿਸਾਨਾਂ ਨੂੰ ਕਹਿੰਦਾ ਸੀ ਕਿ ਭਾਈਓ ਪੜ-ਲਿਖ ਕੇ ਕੀ ਕਰੋਗੇ। ਤੁਸੀਂ ਕਿਹੜੀ ਨੌਕਰੀ ਕਰਨੀ ਹੈ। ਅਸੀਂ ਸਾਰਾ ਦਿਨ ਮਿਹਨਤ ਕਰਦੇ ਹਾਂ ਉਸਦੇ ਬਾਦ ਜੋ ਥੋੜਾ ਜਿਹ ਸਮਾਂ ਮਿਲਦਾ ਹੈ ਉਹ ਗੱਪਸ਼ਪ ਲਈ ਹੈ।
ਇਸ ਦੇ ਲਈ ਉਹਨਾਂ ਨੇ ਰਾਤ ਦੇ ਸਮੇਂ ਪ੍ਰੌੜ ਸਿਖਿਆ ਕੇਂਦਰ ਦੀ ਸ਼ੁਰੂਆਤ ਕੀਤੀ, ਤਾਂਕਿ ਕਿਸਾਨਾਂ ਨੂੰ ਰਾਤ ਦੇ ਸਮੇਂ ਵਿੱਚ ਪੜ੍ਹਨ ਦਾ ਮੌਕਾ ਮਿਲੇ। ਗੁਰੂ ਜੀ ਦੇ ਕਹਿਣ ਤੇ 8-10 ਕਿਸਾਨ ਆਉਣ ਤਾਂ ਲੱਗੇ, ਮਗਰ ਹੌਲੀ-ਹੌਲੀ ਘੱਟ ਵੀ ਹੋਣ ਲੱਗੇ।
ਸਾਰੇ ਕਿਸਾਨ ਭੋਲੂ ਦੀਆਂ ਗੱਲਾਂ ਵਿੱਚ ਆ ਗਏ ਅਤੇ ਸਿਖਿਆ ਕੇਂਦਰ ਆਉਣਾ ਬੰਦ ਕਰ ਦਿੱਤਾ। ਉਹ ਪਹਿਲਾਂ ਵਾਂਗ ਚੌਪਾਲ ਵਿੱਚ ਇੱਕਠੇ ਹੋ ਕੇ ਗੱਪਾਂ ਮਾਰਨ ਲੱਗੇ।


ਇਸੇ ਦੌਰਾਨ ਗੁਰੂ ਜੀ ਨੂੰ ਕਿਸੇ ਕੰਮ ਲਈ ਬਾਹਰ ਜਾਣਾ ਪਿਆ।
ਫਿਰ ਇਕ ਦਿਨ ਭੋਲੂ ਦੇ ਘਰ ਪੱਤਰ ਆਇਆ। ਪੜ੍ਹਨਾ ਤਾਂ ਉਹਨੂੰ ਆਉਂਦਾ ਨਹੀਂ ਸੀ। ਉਹ ਉਸ ਸਮੇਂ ਅਜਿਹੇ ਵਿਅਕਤੀ ਨੂੰ ਲੱਭਣ ਲੱਗਾ ਜੋ ਪੱਤਰ ਪੜ੍ਹ ਦਿੰਦਾ। ਪ੍ਰੰਤੂ ਅਜਿਹਾ ਕੋਈ ਵਿਅਕਤੀ ਨਹੀ ਮਿਲਿਆ। ਕੁਝ ਕਿਸਾਨ ਜੋ ਕੁਝ ਦਿਨ ਸਿਖਿਆ ਕੇਂਦਰ ਗਏ ਸਨ ਉਹਨਾਂ ਤੋਂ ਕੇਵਲ ਐਨਾ ਪਤਾ ਲੱਗਾ ਕਿ ਉਹ ਪੱਤਰ ਉਸਦੇ ਭਰਾ ਦਾ ਹੈ ਜੋ ਸ਼ਹਿਰ ਵਿੱਚ ਰਹਿੰਦਾ ਹੈ।
D/੨੫
ਭੋਲੂ ਦੀ ਚਿੰਤਾ ਵਧਣ ਲੱਗੀ। ਕਿਤੇ ਕੁਝ ਹੋ ਤਾਂ ਨਹੀ ਗਿਆ। ਭੋਲੂ ਬਿਨਾ ਸੋਚੇ ਸਮਝੇ ਹੀ ਸ਼ਹਿਰ ਚਲਾ ਗਿਆ। ਉਥੇ ਪਹੁੰਚਿਆ ਤਾਂ ਘਰ ਤੇ ਤਾਲਾ ਲੱਗਾ ਮਿਲਿਆ। ਉਸ ਦਾ ਦਿਲ ਹੁਣ ਜ਼ੋਰ ਨਾਲ ਧੜਕਣ ਲੱਗਾ ਸੀ। ਜਿਵੇਂ-ਤਿਵੇਂ ਉਸ ਨੇ ਮਕਾਨ ਮਾਲਿਕ ਤੋਂ ਭਰਾ ਦੇ ਬਾਰੇ ਪੁੱਛਿਆ ਤਾਂ ਉਸ ਨੇ ਦੱਸਿਆ ਕਿ ਉਹ ਕਿਸੇ ਕੰਮ ਲਈ ਦੂਸਰੇ ਸ਼ਹਿਰ ਗਿਆ ਹੈ।


ਇਹ ਸੁਣਦੇ ਹੀ ਭੋਲੂ ਦੀ ਜਾਨ ਵਿੱਚ ਜਾਨ ਆਈ। ਸਵੇਰ ਤੋਂ ਬਿਨਾਂ ਕੁਝ ਖਾਧੇ-ਪੀਤੇ ਅਤੇ ਲੰਮੇ ਸਫਰ ਦੇ ਕਾਰਣ ਉਹ ਬਹੁਤ ਥੱਕ ਗਿਆ ਸੀ। ਆਖਿਰਕਾਰ ਉਹ ਪਿੰਡ ਵੱਲ ਵਾਪਸ ਚਲ ਪਿਆ। ਪੂਰੇ ਰਾਹ ਉਹ ਸੋਚਦਾ ਰਿਹਾ ਕਿ ਅਗਰ ਉਹਨੂੰ ਪੱਤਰ ਪੜਨਾ ਆਉਂਦਾ ਤਾਂ ਅੱਜ ਉਹਨੂੰ ਸਰੀਰਕ, ਮਾਨਸਿਕ ਅਤੇ ਆਰਥਿਕ ਨੁਕਸਾਨ ਨਾ ਉਠਾਣਾ ਪੈਂਦਾ।
ਭੋਲੂ ਆਪਣੀ ਪਿਛਲੀ ਸਥਿਤੀ ਦੇ ਬਾਰੇ ਵਿੱਚ ਸੋਚ ਕੇ ਹੱਸਣ ਲੱਗਾ। ਉਹਨੂੰ ਗੁਰੂ ਦੀਆਂ ਕਹੀਆਂ ਸਾਰੀਆਂ ਗੱਲਾਂ ਸਮਝ ਆਉਣ ਲੱਗੀਆਂ ਕਿ ਪੜਨਾ ਕਿੰਨਾ ਜ਼ਰੂਰੀ ਹੈ। ਪਿੰਡ ਪਹੁੰਚਦੇ ਹੀ ਉਸਨੇ ਸਿਖਿਆ ਕੇਂਦਰ ਜਾਣਾ ਸ਼ੁਰੂ ਦਿਤਾ ਅਤੇ ਦੂਸਰਿਆਂ ਨੂੰ ਵੀ ਸਿਖਿਆ ਕੇਂਦਰ ਜਾਣ ਦੀਆਂ ਗੱਲਾਂ ਕਰਨ ਲੱਗਾ।
ਗੁਰੂ ਜੀ ਦੇ ਵਾਪਸ ਆਉਂਦੇ ਹੀ ਭੋਲੂ ਨੇ ਉਹਨਾਂ ਨੂੰ ਸਭ ਕੁਝ ਦੱਸ ਦਿੱਤਾ ਅਤੇ ਉਹਨਾਂ ਦਾ ਸਤਿਕਾਰ ਕੀਤਾ। ਹੁਣ ਹੌਲੀ-ਹੌਲੀ ਸਿਖਿਆ ਕੇਂਦਰ ਵਿੱਚ ਪੜਨ ਵਾਲਿਆਂ ਦੀ ਗਿਣਤੀ ਵਧਣ ਲੱਗੀ। ਹੌਲੀ-ਹੌਲੀ ਉਹ ਪਿੰਡ ਪੜਾਈ ਵੱਲ ਵਧ ਰਿਹਾ ਸੀ। ਇਹ ਸਭ ਵੇਖ ਕੇ ਗੁਰੂ ਜੀ ਦੀ ਖੁਸ਼ੀ ਦਾ ਟਿਕਾਣਾ ਨਹੀਂ ਸੀ।
ਪਿਆਰੇ ਬੱਚਿਓ! ਗਿਆਨ ਦਾ ਪ੍ਰਕਾਸ਼ ਅਨਪੜਤਾ ਦੇ ਹਨ੍ਹੇਰੇ ਨੂੰ ਦੂਰ ਕਰਦਾ ਹੈ ਅਤੇ ਆਪ ਦੇ ਵਿਕਾਸ ਅਤੇ ਤਰੱਕੀ ਵਿੱਚ ਸਹਾਇਕ ਸਿੱਧ ਹੁੰਦਾ ਹੈ।

# ਬੁੱਧੀ ਦੀ ਪਰਖ

ਦੋਹਾਂ ਚਿੱਤਰਾਂ ਵਿਚੋਂ
10 ਅੰਤਰ ਲੱਭੋ !





kids Nirankari
spiritual dreamland for kids

# Spiritual Zone for kids



With the blessings of His Holiness Experience online spiritual learning with exciting and fun features highlights our mission's message. Visit regularly to watch tiny tots excelling in the spiritual journey.

**kids.nirankari.org**

- His Holiness Message
- Glimpse of Blessing
- Message in colors
- Poetry Fantasy
- Wacky and True
- Fun Games
- Hansti Duniya
- Kids Creation
- Kids Activities
- Jokes
- Avtar Vani
- Story Time

**Share** your talent in form of painting, poetry & story



Registered with the
Registrar of Newspaper
For India Under RNI No. 32345/77 : Delhi Postal Regd. No. G-3/DL (N)/137/2018-20
: Licence No. U (DN)-60/2018-20
: Licenced to post without Pre-payment





# ਨਿਰੰਕਾਰੀ ਪਤ੍ਰ-ਪਤ੍ਰਕਾਵਾਂ ਪੜ੍ਹੋ ਅਤੇ ਪੜ੍ਹਾਉ !

| ਸੰਤ ਨਿਰੰਕਾਰੀ | ਏਕ ਨਜ਼ਰ | ਹੰਸਤੀ ਦੁਨੀਆ |
|---|---|---|
| (ਗਿਆਰਾਂ ਭਾਸ਼ਾਵਾਂ ਵਿਚ) | (ਤਿੰਨ ਭਾਸ਼ਾਵਾਂ ਵਿਚ) | (ਚਾਰ ਭਾਸ਼ਾਵਾਂ ਵਿੱਚ) |

'ਸੰਤ ਨਿਰੰਕਾਰੀ' 'ਹੰਸਤੀ ਦੁਨੀਆ (ਹਿੰਦੀ, ਪੰਜਾਬੀ ਅਤੇ ਅੰਗਰੇਜ਼ੀ) ਅਤੇ 'ਏਕ ਨਜ਼ਰ' (ਹਿੰਦੀ ਅਤੇ ਪੰਜਾਬੀ) ਦਾ ਮੈਂਬਰ ਬਣਨ ਲਈ ਸੰਪਰਕ ਕਰੋ
ਪਤ੍ਰਿਕਾ ਵਿਭਾਗ, ਨਿਰੰਕਾਰੀ ਕੰਪਲੈਕਸ, ਨਿਰੰਕਾਰੀ ਸਰੋਵਰ ਦੇ ਨੇੜੇ

PH. 011–47660200, E-mail : patrika@nirankari.org

ਸੰਤ ਨਿਰੰਕਾਰੀ, ਹੰਸਤੀ ਦੁਨੀਆ, ਏਕ ਨਜ਼ਰ (ਮਰਾਠੀ) ਅਤੇ ਸੰਤ ਨਿਰੰਕਾਰੀ (ਨੇਪਾਲੀ) ਦਾ ਮੈਂਬਰ ਬਣਨ ਲਈ ਸੰਪਰਕ ਕਰੋ

**Sant Nirankari Satsang Bhawan**
**1st Floor, 50, Morbag Road, Naigaon, Dadar (E) MUMBAI-400 014 (Mah.)**
e-mail : chandunirankari@yahoo.com & marathi@nirankari.org

ਹੋਰ ਭਾਸ਼ਾਵਾਂ ਦੀਆਂ ਪਤ੍ਰਕਾਵਾਂ ਦਾ ਮੈਂਬਰ ਬਣਨ ਲਈ ਹੇਠ ਲਿਖੇ ਅਨੁਸਾਰ ਸੰਪਰਕ ਕਰੋ

**TAMIL**
Sant Nirankari Satsang Bhawan, #7, Govindan Street, Ayavoo Naidu Colony, Aminji Karai, CHENNAI-600 029 (T.N.)
Ph. 04423740630

**ORIYA**
Sant Nirankari Satsang Bhawan, Kazidiha, Post Madhupatna, CUTTACK-753 010 (Orissa)
Ph. 0671-2341250

**TELUGU**
Sant Nirankari Satsang Bhawan, No. 6-2-970, Khairtabad, HYDERABAD-Pin : 500 029
Ph. 0104-23317879

**GUJRATI**
Sant Nirankari Satsang Bhawan, 1st Floor, 50, Morbag Road, Naigaon, Dadar (E) MUMBAI-400 014 (Mah.)
Ph. 22-24102047

**KANNADA**
Sant Nirankari Satsang Bhawan, 88, Rattanvillas Road, Southend Circle, Basavangudi, BENGALURU-560 004 (Karnataka)
Ph. 080-26577212

**BANGLA**
Sant Nirankari Satsang Bhawan, 884,G.T. Road, Laxmipur-2 East Bardhman—71310
Ph. 0342-2657219

ਪਤ੍ਰ-ਪਤ੍ਰਕਾਵਾਂ ਦੇ ਪ੍ਰਸਾਰ ਅਭਿਆਨ ਵਿਚ ਯੋਗਦਾਨ ਦੇ ਕੇ ਸਤਿਗੁਰੂ ਮਾਤਾ ਜੀ ਦੇ ਅਸ਼ੀਰਵਾਦ ਦੇ ਪਾਤਰ ਬਣੋ।


Posted at NDPSO Prescribed dates 23rd & 24th. Date of Publication: 17th & 18th (Advance Month)